MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 09 ISSUE : 39 SATURDAY, 25 SEPTEMBER, 2021
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਫੈਡਰਲ ਚੋਣਾਂ ਪਿੱਛੋਂ ਮੁੜ ਘੱਟਗਿਣਤੀ ਸਰਕਾਰ-ਅੱਗੇ ਕੀ ਹੋਵੇਗਾ ?

## ਚੋਣਾਂ ਉਪਰੰਤ ਪਾਰਟੀ ਸਥਿਤੀ ਉਹੀ ਰਹਿਣ ਕਾਰਣ ਟਰੂਡੋ ਨਿਸ਼ਾਨੇ 'ਤੇ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਜਦੋਂ 2021 ਦੀਆਂ ਫੈਡਰਲ ਚੋਣਾਂ ਦਾ ਸੱਦਾ ਦਿੱਤਾ ਸੀ ਤਾਂ ਉਨ੍ਹਾਂ ਕਿਹਾ ਸੀ ਕਿ ਚੋਣਾਂ ਇਸ ਲਈ ਕਰਵਾਈਆਂ ਜਾ ਰਹੀਆਂ ਹਨ ਕਿਉਂਕਿ ਉਨ੍ਹਾਂ ਨੇ ਸੋਚਿਆ ਸੀ ਕਿ ਕੈਨੇਡੀਅਨਾਂ ਨੂੰ ਇਹ ਕਹਿਣਾ ਦਾ ਮੌਕਾ ਮਿਲਣਾ ਚਾਹੀਦਾ ਹੈ ਕਿ ਦੇਸ਼ ਕਿਥੇ ਜਾ ਰਿਹਾ ਹੈ। ਠੀਕ ਹੈ, ਵੋਟਰਾਂ ਨੇ ਆਪਣੀ ਗੱਲ ਕਹਿ ਦਿੱਤੀ ਹੈ ਅਤੇ ਇਕ ਹੋਰ ਲਿਬਰਲ ਘੱਟਗਿਣਤੀ ਸਰਕਾਰ ਬਣ ਜਾਵੇਗੀ। ਸੀਟਾਂ ਦੀ ਵੰਡ ਦੇ ਮਾਮਲੇ ਵਿਚ ਓਟਵਾ ਵਿਚ ਹਾਊਸ ਆਫ ਕਾਮਨਜ਼ ਲਗਪਗ ਪਹਿਲਾਂ ਵਰਗਾ ਹੀ ਹੈ, ਕੀ ਕੈਨੇਡੀਅਨ ਉਸੇ ਤਰ੍ਹਾਂ ਹੀ ਸੋਚ ਰਹੇ ਹਨ ਜਾਂ ਇਨ੍ਹਾਂ ਚੋਣ ਨਤੀਜਿਆਂ ਦੇ ਨਤੀਜੇ ਵਜੋਂ ਰਾਜਨੀਤਕ ਬਦਲਾਅ ਆ ਸਕਦੇ ਹਨ ਕਿਉਂਕਿ ਨੇਤਾ ਚੋਣਾਂ ਪਿੱਛੋਂ ਉਨ੍ਹਾਂ ਦੇ ਭਵਿੱਖ ਬਾਰੇ ਸਵਾਲਾਂ ਦਾ ਸਾਹਮਣਾ ਕਰ ਰਹੇ ਹਨ। 44ਵੀਆਂ ਆਮ ਚੋਣਾਂ ਪਿੱਛੋਂ ਸਥਿਤੀ ਕਿਸ ਤਰ੍ਹਾਂ ਦੀ ਹੈ। ਲਿਬਰਲ 158 , ਕੰਸਰਵੇਟਿਵ 119, ਬਲੌਕ ਕਿਊਬੇਕਾ 34 , ਐਨਡੀਪੀ 25 ਤੇ ਗਰੀਨ 2 ਸੀਟਾਂ ਜਿੱਤੇ ਹਨ। ਲਿਬਰਲ ਨੇ ਦੋ ਸੀਟਾਂ ਵਾਧੂ ਹਾਸਲ ਕੀਤੀਆਂ ਹਨ ਕਿਉਂਕਿ ਪਾਰਟੀ ਦੇ ਝੰਡੇ ਹੇਠ ਚੁਣਿਆਂ ਇਕ ਐਮ ਪੀ ਆਜ਼ਾਦ ਵਜੋਂ ਬੈਠੇਗਾ। ਕੰਸਰਵੇਟਿਵ ਪੀਪਲਜ਼ ਪਾਰਟੀ ਆਫ ਕੈਨੇਡਾ ਵਲੋਂ ਆਧਾਰ ਖਿਸਕਾਉਣ ਕਾਰਨ (ਬਾਕੀ ਸਫ਼ਾ 7 'ਤੇ)



## ਸੱਤਾ ਦਾ ਸੰਤੁਲਨ ਮੁੜ ਜਗਮੀਤ ਸਿੰਘ ਦੇ ਹੱਥ



ਓਟਵਾ-ਐਨਡੀਪੀ ਨੇਤਾ ਜਗਮੀਤ ਸਿੰਘ ਦੀ ਅਗਵਾਈ ਹੇਠ ਐਨਡੀਪੀ ਆਪਣੇ ਹੱਥ ਸ਼ਕਤੀ ਸੰਤੁਲਨ ਕਾਇਮ ਰੱਖਦੇ ਹੋਏ ਓਟਵਾ ਵਾਪਸ ਆਵੇਗੀ ਪਰ ਪਾਰਟੀਆਂ ਦੀਆਂ ਜ਼ਿਆਦਾ ਸੀਟਾਂ ਪ੍ਰਾਪਤ ਕਰਨ ਦੀਆਂ ਆਸਾਂ ਨੂੰ ਬੂਰ ਨਹੀਂ ਪਿਆ। ਮੰਗਲਵਾਰ ਸਵੇਰ ਤਕ ਐਨਡੀਪੀ 25 ਹਲਕਿਆਂ ਵਿਚ ਲੀਡ ਕਰ ਰਹੀ ਸੀ ਜਾਂ ਚੁਣੀ ਗਈ ਸੀ। ਪਿਛਲੀ ਪਾਰਲੀਮੈਂਟ ਵਿਚ ਪਾਰਟੀ ਕੋਲ 24 ਸੀਟਾਂ ਸਨ। ਪਿਛਲੀ ਸਰਕਾਰ ਵਾਂਗ ਲਿਬਰਲਸ ਨੂੰ ਹਾਊਸ (ਬਾਕੀ ਸਫ਼ਾ 10 'ਤੇ)

For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
604-841-6333

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟ੍ਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ • ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲੀਟੀ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

PHANTOM TIRES & REPAIRS
Wholesale Open to Public
New, Used Tires & Wheels
Grease & Oil Change
Brakes & Suspension
Tire Rotation & Tune Ups
Interior Detailing & Wash
Mobile Service Available
Special Oil Change Starts $29.99
C: 604.503.8553 | C: 778.891.2159
#109-12885 85 Ave., Surrey
Entrance on 86 Ave next to Dasmesh Darbar

HARB ATHWAL
Real Estate Agent
604-785-5616
ਘਰ ਖਰੀਦਣ ਜਾਂ ਵੇਚਣ ਲਈ ਮਿਲੋ
Specializing in Residential, Commercial & Land Develeopment
investa PRIME REALTY
www.investaprime.com
Bus: 604-575-1000
#210 - 5620 152 St., Surrey
E: hrathwal@yahoo.com
www.harbathwal.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜ਼ਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



**Adam Ueland**
LAWYER

Call Adam on 604-689-8888 to set up a complimentary consultation or visit our website at simpsonthomas.com

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100



PUNJAB LINK
# ਪੰਜਾਬ ਲਿੰਕ
WEEKLY NEWSPAPER VOL.: 09 ISSUE: 39 SATURDAY, 25 SEPTEMBER, 2021
www.punjablinkpaper.com 604-503-5465



ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
Available on the App Store
Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
1.00pm to 3:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com


# ਚਰਨਜੀਤ ਸਿੰਘ ਚੰਨੀ ਬਣੇ ਪੰਜਾਬ ਦੇ 16ਵੇਂ ਮੁੱਖ ਮੰਤਰੀ

## ਕਾਂਗਰਸ ਦੇ 18 ਨੁਕਾਤੀ ਪ੍ਰੋਗਰਾਮ ਸਮੇਤ ਸੂਬੇ ਦੇ ਸਾਰੇ ਮਸਲੇ ਹੱਲ ਕਰਨ ਦਾ ਵਾਅਦਾ ਕੀਤਾ



ਚੰਡੀਗੜ੍ਹ-ਚਮਕੌਰ ਸਾਹਿਬ ਤੋਂ ਕਾਂਗਰਸੀ ਵਿਧਾਇਕ ਚਰਨਜੀਤ ਸਿੰਘ ਚੰਨੀ ਨੇ ਪੰਜਾਬ ਰਾਜ ਭਵਨ ਪਹੁੰਚ ਕੇ 16ਵੇਂ ਮੁੱਖ ਮੰਤਰੀ ਵਜੋਂ ਹਲਫ ਲਿਆ। ਉਨ੍ਹਾਂ ਦੇ ਨਾਲ ਸੁਖਜਿੰਦਰ ਸਿੰਘ ਰੰਧਾਵਾ ਅਤੇ ਓਪੀ ਸੋਨੀ ਨੇ ਵੀ ਸਹੁੰ ਚੁੱਕੀ ਹੈ ਜੋ ਕਿ ਉਪ ਮੁੱਖ ਮੰਤਰੀ ਲਗਾਏ ਗਏ ਹਨ। ਇਸ ਮੌਕੇ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ, ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਸਣੇ ਹੋਰ ਵਿਧਾਇਕ ਵੀ ਹਾਜ਼ਰ ਸਨ। ਪੰਜਾਬ ਦੇ ਸਿਆਸੀ ਇਤਿਹਾਸ 'ਚ ਪਹਿਲੀ ਦਫ਼ਾ ਕੋਈ ਪਛੜੇ ਵਰਗ ਨਾਲ ਸਬੰਧਿਤ ਆਗੂ ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠਾ ਹੈ। ਦੱਸਣਯੋਗ ਹੈ ਕਿ ਚਰਨਜੀਤ ਸਿੰਘ ਚੰਨੀ ਕੈਪਟਨ ਸਰਕਾਰ ਵਿੱਚ ਤਕਨੀਕੀ ਸਿੱਖਿਆ ਮੰਤਰੀ ਸਨ। ਉਹ ਚਮਕੌਰ ਸਾਹਿਬ ਤੋਂ ਲਗਾਤਾਰ ਤੀਜੀ ਵਾਰ ਵਿਧਾਇਕ ਬਣੇ ਹਨ। ਸਹੁੰ ਚੁੱਕ ਖ਼ਤਮ ਹੋਣ ਤੋਂ ਕੁਝ ਹੀ ਮਿੰਟਾਂ ਬਾਅਦ ਕਾਂਗਰਸ ਦੇ ਸਾਬਕਾ ਕੌਮੀ ਪ੍ਰਧਾਨ ਰਾਹੁਲ ਗਾਂਧੀ ਵੀ ਰਾਜ ਭਵਨ ਪਹੁੰਚ ਗਏ ਜਿਨ੍ਹਾਂ ਚੰਨੀ ਸਣੇ ਸਹੁੰ ਚੁੱਕਣ ਵਾਲੇ ਤਿੰਨੋਂ ਆਗੂਆਂ ਨੂੰ ਵਧਾਈ ਦਿੱਤੀ। ਸਹੁੰ ਚੁੱਕਣ ਤੋਂ ਬਾਅਦ ਆਪਣੀ ਪਹਿਲੀ ਪ੍ਰੈੱਸ ਕਾਨਫ਼ਰੰਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਤਿੰਨੋਂ ਕੇਂਦਰੀ ਖੇਤੀ ਕਾਨੂੰਨ ਰੱਦ ਕਰਨੇ ਚਾਹੀਦੇ ਹਨ। ਸ੍ਰੀ ਚੰਨੀ ਨੇ ਇਹ ਵੀ ਕਿਹਾ ਕਿ ਰੇਤ ਮਾਫੀਆ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ ਅਤੇ ਸਾਰੇ ਮੁੱਦਿਆਂ ਦਾ ਹੱਲ ਹੋਵੇਗਾ। ਉਨ੍ਹਾਂ ਕਾਂਗਰਸ ਦੀ ਲੀਡਰਸ਼ਿਪ ਵੱਲੋਂ ਤੈਅ 18 ਸੂਤਰੀ ਪ੍ਰੋਗਰਾਮ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਉਹ ਸੂਬੇ ਦੇ ਲੋਕਾਂ ਨੂੰ ਭਰੋਸਾ ਦਿਵਾਉਂਦੇ ਹਨ ਕਿ ਆਉਣ ਵਾਲੇ ਦਿਨਾਂ ਵਿਚ ਸਾਰੇ ਮਸਲਿਆਂ ਦਾ ਹੱਲ ਹੋਵੇਗਾ। ਉਨ੍ਹਾਂ ਛੋਟੇ ਘਰਾਂ (ਸ਼ਹਿਰੀ ਇਲਾਕਿਆਂ ਵਿਚ 150 ਜਾਂ 200 ਗਜ) ਲਈ ਮੁਫ਼ਤ ਪਾਣੀ ਦੀ ਸਪਲਾਈ, ਬਿਜਲੀ ਦਰਾਂ ਘਟਾਉਣ ਅਤੇ ਆਮ ਆਦਮੀ ਲਈ ਇਕ ਪਾਰਦਰਸ਼ੀ ਸਰਕਾਰ ਦੇਣ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਇਹ ਵਾਅਦੇ ਪੂਰੇ ਕਰਨ ਲਈ ਫ਼ੈਸਲਾ ਮੰਤਰੀ ਮੰਡਲ ਦੀ ਮੀਟਿੰਗ ਵਿਚ ਲਿਆ ਜਾਵੇਗਾ। ਉਨ੍ਹਾਂ ਸੂਬੇ ਵਿਚ ਮਾਫੀਆਂ ਤੋਂ ਸਖ਼ਤੀ ਨਾਲ ਨਿਪਟਣ ਦੀ ਗੱਲ ਵੀ ਕਹੀ। ਉਨ੍ਹਾਂ ਉਹ ਦਿਨ ਵੀ ਚੇਤੇ ਕੀਤੇ ਜਦੋਂ ਉਹ ਰਿਕਸ਼ਾ ਚਲਾਇਆ ਕਰਦੇ ਸਨ ਅਤੇ ਉਨ੍ਹਾਂ ਦੇ ਪਿਤਾ ਇਕ ਟੈਂਟ ਹਾਊਸ ਚਲਾਇਆ ਕਰਦੇ ਸਨ।

## ਕੈਪਟਨ ਵੱਲੋਂ ਨਵਜੋਤ ਸਿੱਧੂ ਦੀ ਖ਼ਿਲਾਫ਼ਤ ਦਾ ਬਿਗਲ-ਰਾਹੁਲ ਤੇ ਪ੍ਰਿਯੰਕਾ ਨੂੰ ਦੱਸਿਆ ਅਨਾੜੀ



ਚੰਡੀਗੜ੍ਹ-ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਹਿਲੀ ਦਫ਼ਾ ਖੁੱਲ੍ਹ ਕੇ ਕਾਂਗਰਸੀ ਆਗੂ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਨੂੰ ਨਿਸ਼ਾਨੇ 'ਤੇ ਲਿਆ ਹੈ। ਅਮਰਿੰਦਰ ਨੇ ਇਨ੍ਹਾਂ ਭੈਣ ਭਰਾਵਾਂ ਨੂੰ ਗੈਰ-ਤਜਰਬੇਕਾਰ ਦੱਸਿਆ ਹੈ। ਅਮਰਿੰਦਰ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਖ਼ਿਲਾਫ਼ ਵੀ ਬਿਗਲ ਵਜਾ ਦਿੱਤਾ ਹੈ। ਅਮਰਿੰਦਰ ਨੇ ਕਿਹਾ ਕਿ ਉਹ ਨਵਜੋਤ ਸਿੱਧੂ ਨੂੰ ਮੁੱਖ ਮੰਤਰੀ ਬਣਨ ਤੋਂ ਰੋਕਣ ਅਤੇ *(ਬਾਕੀ ਸਫ਼ਾ 10 'ਤੇ)*


GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services

ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
|---|---|---|---|
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਸਰੀ-ਲੈਂਗਲੀ ਸਕਾਈਟਰੇਨ ਖੁੱਲ੍ਹਣ ਵਿਚ 2028 ਤਕ ਦੇਰੀ ਚਿੰਤਾਜਨਕ-ਮੈਕਲਮ



ਸਰੀ-ਸਰੀ ਦੇ ਮੇਅਰ ਡੱਗ ਮੈਕਲਮ ਨੇ ਕਿਹਾ ਕਿ ਇਹ ਗੱਲ ਚਿੰਤਾਜਨਕ ਹੈ ਕਿ 16 ਕਿਲੋਮੀਟਰ ਲੰਬੀ ਲਾਈਨ ਵਾਲਾ ਸਰੀ-ਲੈਂਗਲੀ ਸਕਾਈਟਰੇਨ ਪ੍ਰਾਜੈਕਟ ਜਿਸ ਦੇ 2025 ਤਕ ਮੁਕੰਮਲ ਹੋਣ ਦੀ ਆਸ ਸੀ 2028 ਤਕ ਲਟਕ ਜਾਵੇਗਾ। ਉਦਘਾਟਨੀ ਦਿਨ ਵਿਚ ਦੇਰੀ ਟਰਾਂਸਲਿੰਕ ਰਿਪੋਰਟ ਵਿਚ ਦਰਜ ਹੈ। ਜੁਲਾਈ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਰੀ ਸੈਂਟਰ ਤੋਂ ਲੈਂਗਲੀ ਸੈਂਟਰ ਤਕ ਐਕਸਪੋ ਲਾਈਨ ਵਧਾਉਣ ਲਈ 1.3 ਅਰਬ ਡਾਲਰ ਫੈਡਰਲ ਫੰਡ ਦੇਣ ਦਾ ਐਲਾਨ ਕੀਤਾ ਸੀ ਅਤੇ ਸੂਬਾ ਸਰਕਾਰ ਨੇ ਕੁਲ 3.94 ਅਰਬ ਡਾਲਰ ਖਰਚ ਦਾ ਅਨੁਮਾਨ ਲਗਾਇਆ ਹੈ। ਮੈਕਲਮ ਨੇ ਇਕ ਲਿਖਤੀ ਬਿਆਨ ਵਿਚ ਕਿਹਾ ਕਿ ਇਹ ਦੇਰੀ ਇਸ ਹਕੀਕਤ ਨੂੰ ਸਾਹਮਣੇ ਰੱਖ ਕੇ ਚਿੰਤਾਜਨਕ ਹੈ ਕਿ ਇਸ ਮਹੱਤਵਪੂਰਣ ਪ੍ਰਾਜੈਕਟ ਲਈ ਫੰਡਾਂ ਦਾ ਮੁਕੰਮਲ ਪ੍ਰਬੰਧ ਹੈ।




# ਸੁੱਖ ਧਾਲੀਵਾਲ ਦੀ ਚੋਣਾਂ ਵਿਚ ਜਿੱਤ ਪਿੱਛੋਂ ਪਾਰਟੀ 'ਚ ਸਿਹਤ ਨਿਯਮਾਂ ਦੀ ਅਣਦੇਖੀ ਕਾਰਨ ਆਲੋਚਨਾ



ਸਰੀ-20 ਸਤੰਬਰ ਦੀ ਰਾਤ ਨੂੰ ਸੁੱਖ ਧਾਲੀਵਾਲ ਦੀ ਵੋਟਾਂ ਪਿੱਛੋਂ ਪਾਰਟੀ ਵਿਚ ਬੈਂਕੁਟ ਹਾਲ ਦੇ ਮੇਜ਼ਾਂ ਉਪਰ ਸਾਈਨ ਰੱਖ ਕੇ ਸਮਰਥਕਾਂ ਨੂੰ ਅਪੀਲ ਕੀਤੀ ਗਈ ਗਈ ਕਿ ਉਹ ਆਪਣੀਆਂ ਸੀਟਾਂ 'ਤੇ ਬੈਠੇ ਰਹਿਣ ਅਤੇ ਜਦੋਂ ਅੰਦਰ ਖੜੇ ਹੋਣਾ ਹੈ ਤਾਂ ਮਾਸਕ ਲਾਜ਼ਮੀ ਰੂਪ ਵਿਚ ਪਹਿਨਣ। ਪਰ ਜਦੋਂ ਲਿਬਰਲ ਦੇ ਵਰਤਮਾਨ ਐਮਪੀ ਨੂੰ ਸਰੀ-ਨਿਊਟਨ ਹਲਕੇ ਤੋਂ ਜੇਤੂ ਕਰਾਰ ਦਿੱਤਾ ਗਿਆ ਤਾਂ ਭੀੜ ਨੇ ਮਹਾਂਮਾਰੀ ਪ੍ਰੋਟੋਕੋਲ ਦੀ ਪ੍ਰਵਾਹ ਨਾ ਕਰਦੇ ਹੋਏ ਭੰਗੜੇ ਪਾ ਕੇ ਖ਼ੁਸ਼ੀ ਮਨਾਈ ਤੇ ਚੁਣੇ ਗਏ ਐਮਪੀ ਨਾਲ ਸੈਲਫੀਆਂ ਲਈਆਂ। ਵੀਡੀਓ ਤੋਂ ਨਿਊਟਨ ਦੇ ਗਰੈਂਡ ਤਾਜ ਹਾਲ ਵਿਚ ਪਾਰਟੀ ਹੋਣ ਦਾ ਪਤਾ ਲਗਦਾ ਹੈ। ਸੋਸ਼ਲ ਮੀਡੀਆ 'ਤੇ ਕੁਝ ਅਬਜ਼ਰਵਰਾਂ ਨੇ ਧਾਲੀਵਾਲ ਦੀ ਚੋਣ ਜਿੱਤਣ ਵਾਲੀ ਰਾਤ ਨੂੰ ਹੋਏ ਇਕੱਠ 'ਤੇ ਸਵਾਲ ਚੁੱਕੇ ਹਨ।

## ਸਰੀ ਮੇਅਰ ਵਲੋਂ ਸ਼ਿਕਾਇਤ ਕਰਨ ਪਿੱਛੋਂ ਵਿਸ਼ੇਸ਼ ਪ੍ਰੌਸੀਕਿਊਟਰ ਨਿਯੁਕਤ

ਸਰੀ-ਸਰੀ ਦੇ ਮੇਅਰ ਡੱਗ ਮੈਕਲਮ ਵਲੋਂ ਕੀਤੀ ਸ਼ਿਕਾਇਤ ਨਾਲ ਸਬੰਧਤ ਆਰਸੀਐਮਪੀ ਦੀ ਜਾਂਚ ਵਿਚ ਸਲਾਹ ਦੇਣ ਲਈ ਰਿਚਰਡ ਫਾਉਲਰ, ਕਿਊਸੀ ਨੂੰ ਵਿਸ਼ੇਸ਼ ਪ੍ਰੌਸੀਕਿਊਟਰ ਨਿਯੁਕਤ ਕੀਤਾ ਗਿਆ ਹੈ। ਬੀਸੀ ਪ੍ਰੌਸੀਕਿਊਸ਼ਨ ਸਰਵਿਸ ਲਈ ਕਮਿਊਨੀਕੇਸ਼ਨਸ ਕੌਂਸਲ ਡੈਨ ਮੈਕਲੌਘਲਿਨ ਨੇ ਕਿਹਾਂ ਕ ਰਿਚਰਡ ਫਾਉਲਰ ਕਿਉ ਸੀ ਨੂੰ ਨਿਯੁਕਤ ਕੀਤਾ ਗਿਆ ਹੈ। ਸਹਾਇਕ ਡਿਪਟੀ ਅਟਾਰਨੀ ਜਨਰਲ ਪੀਟਰ ਜੁਕ, ਕਿਊਸੀ ਨੂੰ 13 ਸਤੰਬਰ ਨੂੰ ਸਹਾਇਤਾ ਲਈ ਆਰਸੀਐਮਪੀ ਤੋਂ ਪੱਤਰ ਮਿਲਿਆ ਸੀ। ਇਸ ਮਹੀਨੇ ਦੇ ਸ਼ੁਰੂ ਵਿਚ ਮੈਕਲਮ ਨੇ ਦਾਅਵਾ ਕੀਤਾ ਸੀ ਕਿ ਲੋਕਾਂ ਦੇ ਇਕ ਗਰੁੱਪ ਜਿਹੜਾ ਆਰਸੀਐਮਪੀ ਇਨ ਸਰੀ ਕੰਪੇਨ ਲਈ ਦਸਤਖਤ ਇਕੱਤਰ ਕਰ ਰਿਹਾ ਸੀ ਨਾਲ ਬੋਲ ਬੁਲਾਰਾ ਹੋਣ ਪਿੱਛੋਂ ਸਾਊਥ ਪੁਆਇੰਟ ਸੇਵ-ਆਨ-ਫੂਡਸ ਦੇ ਬਾਹਰ ਉਸ ਦੇ ਪੈਰ 'ਤੇ ਇਕ ਮੋਟਰ ਗੱਡੀ ਚੜ੍ਹਾਈ ਗਈ ਸੀ।

## ਬੀਸੀ ਘੱਟੋ ਘੱਟ ਚਾਰ ਨਵੇਂ ਐਮਪੀ ਓਟਵਾ ਭੇਜੇਗਾ

ਵਿਕਟੋਰੀਆ-ਬੀਸੀ ਦੇ ਚਾਰ ਐਮਪੀਜ਼ ਸਟੀਵਸਟਨ-ਰਿਚਮੰਡ ਤੋਂ ਪਰਮ ਬੈਂਸ, ਕੈਮਲੂਪਸ-ਥੌਂਪਸਨ ਕੈਰੀਬੂ ਤੋਂ ਫਰੈਂਕ ਕੈਪੂਟੋ, ਕਲੋਵਰਡੇਲ-ਲੈਂਗਲੀ ਸਿਟੀ ਤੋਂ ਜੌਹਨ ਅਲਡੈਗ ਅਤੇ ਪੋਰਟ ਮੂਡੀ-ਕੋਕੁਇਟਲਮ ਤੋਂ ਬੋਨਿਟਾ ਜ਼ੈਰਿਲੋ ਨਵੇਂ ਐਮਪੀਜ਼ ਹਨ। ਅਜੇ ਡਾਕ ਰਾਹੀਆਂ ਪਾਈਆਂ ਗਈਆਂ ਹਜ਼ਾਰਾਂ ਵੋਟਾਂ ਦੀ ਗਿਣਤੀ ਹੋਣੀ ਹੈ ਅਤੇ 2021 ਦੇ ਫੈਡਰਲ ਨਤੀਜਿਆਂ ਤੇ ਅੰਤਿਮ ਨਤੀਜਿਆਂ ਦਾ ਅਜੇ ਕੁਝ ਦਿਨ ਪਤਾ ਨਹੀਂ ਲੱਗੇਗਾ ਪਰ ਬ੍ਰਿਟਿਸ਼ ਕੋਲੰਬੀਆ ਵਿਚ ਚਾਰ ਨਵੇਂ ਐਮਪੀਜ਼ ਚੁਣੇ ਗਏ ਹਨ।

## ਸਰੀ ਉਮੀਦਵਾਰਾਂ ਨੇ ਚੋਣਾਂ ਦੌਰਾਨ ਫੇਸਬੁੱਕ ਇਸ਼ਤਿਹਾਰਬਾਜ਼ੀ 'ਤੇ 52000 ਡਾਲਰ ਖਰਚ ਕੀਤੇ

ਵਿਕਟੋਰੀਆ-ਸਰੀ ਦੇ ਪੰਜ ਹਲਕਿਆਂ ਦੇ ਉਮੀਦਵਾਰਾਂ ਨੇ ਪਿਛਲੇ 30 ਦਿਨਾਂ ਵਿਚ ਇਕੱਲੀ ਫੇਸਬੁੱਕ 'ਤੇ ਇਸ਼ਤਿਹਾਰਬਾਜ਼ੀ 'ਤੇ 52000 ਡਾਲਰ ਤੋਂ ਵੀ ਵੱਧ ਖਰਚ ਕੀਤੇ ਹਨ। ਫੇਸਬੁੱਕ ਦੀ ਇਸ਼ਤਿਹਾਰ ਲਾਇਬਰੇਰੀ ਮੁਤਾਬਿਕ ਲਿਬਰਲ ਉਮੀਦਵਾਰ ਤੇ ਕਲੋਵਰਡੇਲ-ਲੈਂਗਲੀ ਸਿਟੀ ਦੇ ਚੁਣੇ ਗਏ ਐਮਪੀ ਜੌਹਨ ਅਲਡੈਗ ਨੇ ਫੇਸਬੁੱਕ ਇਸ਼ਤਿਹਾਰਬਾਜ਼ੀ ਵਿਚ ਸਭ ਤੋਂ ਵੱਧ 12300 ਡਾਲਰ ਖਰਚ ਕੀਤੇ। ਦੂਸਰਾ ਸਭ ਤੋਂ ਵੱਧ ਖਰਚ ਅਲਡੈਗ ਦੇ ਕੰਸਰਵੇਟਿਵ ਵਿਰੋਧੀ ਤੇ ਮੌਜੂਦਾ ਐਮਪੀ ਤਮਾਰਾ ਜੈਨਸੇਨ ਨੇ ਕੀਤਾ ਜਿਸ ਨੇ 10600 ਡਾਲਰ ਖਰਚ ਕੀਤੇ। ਇਕ ਨੂੰ ਛੱਡ ਕੇ ਹਰੇਕ ਲਿਬਰਲ ਉਮੀਦਵਾਰ ਨੇ ਫੇਸਬੁੱਕ ਇਸ਼ਤਿਹਾਰਬਾਜ਼ੀ 'ਤੇ ਕੰਸਰਵੇਟਿਵ ਉਮੀਦਵਾਰਾਂ ਨਾਲੋਂ ਜ਼ਿਆਦਾ ਖਰਚ ਕੀਤਾ। ਫਲੀਟਵੁੱਡ-ਪੋਰਟ ਕਿਲਸ ਤੋਂ ਮੌਜੂਦਾ ਤੇ ਫਿਰ ਚੁਣੇ ਗਏ ਲਿਬਰਲ ਐਮਪੀ ਕੇਨ ਹਾਰਡੀ ਨੇ ਫੇਸਬੁੱਕ ਇਸ਼ਤਿਹਾਰਬਾਜ਼ੀ 'ਤੇ ਕੋਈ ਪੈਸਾ ਨਹੀਂ ਖਰਚਿਆ। ਲਿਬਰਲ ਉਮੀਦਵਾਰਾਂ ਰਣਦੀਪ ਸਰਾਏ (ਸਰੀ ਸੈਂਟਰ ਤੋਂ ਜੇਤੂ) ਨੇ 10300 ਡਾਲਰ, ਗੋਰਡੀ ਹੋਗ (ਸਾਊਥ ਸਰੀ-ਵਾਈਟ ਰੌਕ) ਜਿਹੜਾ ਇਕੋ ਇਕ ਜਿੱਤੇ ਕੰਸਰਵੇਟਿਵ ਉਮੀਦਵਾਰ ਕੈਰੀ -ਲਿਨੇ ਫਿੰਡਲੇ ਤੋਂ ਚੋਣ ਹਾਰ ਗਿਆ ਨੇ 6220 ਅਤੇ ਸੁੱਖ ਧਾਲੀਵਾਲ (ਸਰੀ-ਨਿਊਟਨ ਤੋਂ ਜੇਤੂ) ਨੇ 1140 ਡਾਲਰ ਖਰਚ ਕੀਤੇ। ਕੈਰੀ ਲਿਨੇ ਫਿੰਡਲੇ ਨੇ 1900 ਡਾਲਰ ਖਰਚ ਕੀਤੇ। ਚੋਣਾਂ ਤੋਂ ਪਹਿਲਾਂ 30 ਦਿਨ ਵਿਚ ਨਿਊ ਡੈਮੋਕਰੈਟਸ ਨੇ 6460 ਡਾਲਰ ਖਰਚ ਕੀਤੇ ਜਿਨ੍ਹਾਂ ਵਿਚੋਂ ਬਹੁਤੇ ਕਲੋਵਰਡੇਲ-ਲੈਂਗਲੀ ਸਿਟੀ ਉਮੀਦਵਾਰ ਰਾਜੇਸ਼ ਜੈਪ੍ਰਕਾਸ਼ ਨੇ 5330 ਡਾਲਰ ਖਰਚ ਕੀਤੇ। ਕੌਮੀ ਪੱਧਰ 'ਤੇ ਫੇਸਬੁੱਕ ਦੇ ਟਰੈਕਰ ਦੱਸਦਾ ਹੈ ਕਿ ਲਿਬਰਲ ਪਾਰਟੀ ਨੇ ਮਸ਼ਹੂਰ ਸੋਸ਼ਲ ਮੀਡੀਆ ਵੈੱਬਸਾਈਟ 'ਤੇ 22 ਲੱਖ ਡਾਲਰ ਇਸ਼ਤਿਹਾਰਬਾਜ਼ੀ 'ਤੇ ਖਰਚ ਕੀਤੇ ਹਨ। ਕੰਸਰਵੇਟਿਵਸ ਨੇ ਕੁਲ 20 ਲੱਖ ਡਾਲਰ, ਐਨਡੀਪੀ ਨੇ 17 ਲੱਖ ਡਾਲਰ, ਪੀਪਲਜ਼ ਪਾਰਟੀ ਨੇ 60400 ਡਾਲਰ ਤੇ ਗਰੀਨ ਪਾਰਟੀ ਨੇ 6000 ਡਾਲਰ ਫੇਸਬੁੱਕ ਇਸ਼ਤਿਹਾਰਬਾਜ਼ੀ 'ਤੇ ਖਰਚ ਕੀਤੇ। ਇਸੇ ਦੌਰਾਨ ਬਲੌਕ ਕਿਊਬੇਕੋਇਸ ਨੇ 139000 ਡਾਲਰ ਖਰਚ ਕੀਤੇ।



# ਨੈਸ਼ਨਲ ਕੌਂਸਲ ਵਿਚ ਇਕ ਕੰਸਰਵੇਟਿਵ ਨੇ ਓਟੂਲ ਦੀ ਲੀਡਰਸ਼ਿਪ ਦੀ ਸਮੀਖਿਆ ਕਰਨ ਦਾ ਦਿੱਤਾ ਸੱਦਾ



ਓਟਵਾ-ਇਕ ਕੰਸਰਵੇਟਿਵ ਜਿਹੜਾ ਪਾਰਟੀ ਦੀ ਕੌਮੀ ਕੌਂਸਲ ਵਿਚ ਸ਼ਾਮਿਲ ਸੀ ਨੇ ਕਿਹਾ ਕਿ ਚੋਣਾਂ ਵਿਚਨੁਕਸਾਨ ਪਿੱਛੋਂ ਮੈਂਬਰਾਂ ਨੂੰ ਐਰਿਨ ਓਟੂਲ ਦੀ ਲੀਡਰਸ਼ਿਪ ’ਤੇ ਤੇਜ਼ੀ ਨਾਲ ਸਮੀਖਿਆ ਕਰਨੀ ਚਾਹੀਦੀ ਹੈ। ਐਰਿਨ ਓਟੂਲ ਨੂੰ ਪਾਰਟੀ ਲੀਡਰਸ਼ਿਪ ’ਤੇ ਟਿਕੇ ਰਹਿਣ ਲਈ ਇਹ ਪਹਿਲੀ ਖੁੱਲ੍ਹੀ ਚੁਣੌਤੀ ਹੈ। ਓਨਟਾਰੀਓ ਦੀ ਪ੍ਰਤੀਨਿਧਤਾ ਕਰ ਰਹੇ ਬੇਰਟ ਚੇਨ ਨੇ ਕਿਹਾ ਕਿ ਉਹ ਇਕ ਵਫਾਦਰ ਮੈਂਬਰ ਵਜੋਂ ਬੋਲ ਰਹੇ ਹਨ ਅਤੇ ਬਹੁਤ ਸਾਰੇ ਹੋਰ ਮੈਂਬਰ ਵੀ ਓਟੂਲ ਦੀ ਪਾਰਟੀ ਦੀ ਨਰਮ ਦਿਸ਼ਾ ਤੋਂ ਨਾਰਾਜ਼ ਹਨ ਜਿਹੜੀ ਉਸ ਵਲੋਂ ਪਾਰਟੀ ਦੀ ਵਫਾਦਾਰੀ ਜਿੱਤਣ ਲਈ ਲੀਡਰਸ਼ਿਪ ਮੁਕਾਬਲੇ ਲਈ ਲਾਈ ਦੌੜ ਤੋਂ ਉਲਟ ਸੀ। ਜੇਕਰ ਓਟੂਲ ਦੇ ਫ਼ੈਸਲੇ ਨੇ ਕੰਸਰਵੇਟਿਵ ਸਰਕਾਰ ਬਣਾਉਣ ਦੇ ਫ਼ੈਸਲੇ ਵਿਚ ਸਹਾਇਤਾ ਕੀਤੀ ਹੁੰਦੀ ਅਤੇ ਜੇਕਰ ਉਹ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਮਨੋਨੀਤ ਹੁੰਦਾ ਤਾਂ ਉਹ ਉਸ ਨੂੰ ਸ਼ੱਕ ਦਾ ਲਾਭ ਦੇਣ ਵਿਚ ਵਧੇਰੇ ਖੁਸ਼ ਹੁੰਦਾ। ਚੇਨ ਨੇ ਪਾਰਟੀ ਦੀ ਕੌਮੀ ਕੌਂਸਲ ਨੂੰ ਇਹ ਕਹਿਣ ਲਈ ਮੈਂਬਰਾਂ ਦੇ ਦਸਤਖਤ ਇਕੱਤਰ ਕਰਨ ਲਈ ਆਨਲਾਈਨ ਪਟੀਸ਼ਨ ਸ਼ੁਰੂ ਕੀਤੀ ਹੈ ਕਿ 2023 ਵਿਚ ਚੋਣ ਤੋਂ ਪਹਿਲਾਂ ਓਟੂਲ ਦੀ ਲੀਡਰਸ਼ਿਪ ’ਤੇ ਰਾਏਸ਼ੁਮਾਰੀ ਕਰਵਾਈ ਜਾਵੇ। ਉਸ ਦਾ ਕਹਿਣਾ ਕਿ ਉਸ ਤੋਂ ਪਹਿਲਾਂ ਚੋਣਾਂ ਹੋ ਸਕਦੀਆਂ ਹਨ ਅਤੇ ਆਖਰਕਾਰ ਉਹ ਮੈਂਬਰ ਹਨ ਜਿਨ੍ਹਾਂ ਨੇ ਓਟੂਲ ਨੂੰ ਚੁਣਿਆਂ ਹੈ, ਇਸ ਲਈ ਕੌਕਸ ਦਾ ਪਤਾ ਲੱਗਣਾ ਚਾਹੀਦਾ ਹੈ ਕਿ ਉਹ ਕਿਵੇਂ ਮਹਿਸੂਸ ਕਰਦੇ ਹਨ।

# ਇਮੀਗ੍ਰਾਂਟਸ ਦੀ ਬਹੁਗਿਣਤੀ ਆਬਾਦੀ ਵਾਲੇ 23 ’ਚੋਂ 19 ਹਲਕਿਆਂ ਵਿਚ ਗੈਰ ਗੋਰੇ ਉਮੀਦਵਾਰਾਂ ਦੀ ਚੋਣ





ਟੋਰਾਂਟੋ-ਨਵੇਂ ਪ੍ਰਵਾਸੀਆਂ ਤੇ ਘੱਟਗਿਣਤੀਆਂ ਦੀ ਜ਼ਿਆਦਾ ਆਬਾਦੀ ਵਾਲੇ ਹਲਕਿਆਂ ਵਿਚ ਵੋਟਰਾਂ ਨੇ ਅਗਲੀ ਕੈਨੇਡੀਅਨ ਪਾਰਲੀਮੈਂਟ ਵਿਚ ਉਨ੍ਹਾਂ ਦੀ ਪ੍ਰਤੀਨਿਧਤਾ ਕਰਨ ਲਈ ਗੈਰ ਗੋਰੇ ਉਮੀਦਵਾਰਾਂ ਦੀ ਬਹੁਤ ਜ਼ਿਆਦਾ ਚੋਣ ਕੀਤੀ। ਐਨਸੀਐਮ ਦੇ ਚੋਣ ਨਤੀਜਿਆਂ ਦੇ ਮੁੱਢਲੇ ਵਿਸ਼ਲੇਸ਼ਣ ਤੋਂ ਪਤਾ ਲਗਦਾ ਹੈ ਕਿ 23 ਹਲਕਿਆਂ ਜਿਥੇ ਘੱਟਣਗਿਤੀ ਸਮੂਹ ਪ੍ਰਭਾਵਸ਼ਾਲੀ ਹੈ ਵਿਚੋਂ 19 ਹਲਕਿਆਂ ਵਿਚ ਉਹ ਵਿਅਕਤੀ ਐਮਪੀਜ਼ ਚੁਣੇ ਗਏ ਜਿਨ੍ਹਾਂ ਦੀ ਸਭਿਆਚਾਰਕ ਵਿਰਾਸਤ ਅਤੇ ਉਤਪਤੀ ਉਨ੍ਹਾਂ ਦੇ ਇਲਾਕੇ ਵਿਚ ਬਹੁਗਿਣਤੀ ਵੋਟਰਾਂ ਦੀ ਝਲਕ ਦਿੰਦੀ ਹੈ। ਓਨਟਾਰੀਓ ਦਾ ਬਰੈਂਪਟਨ ਇਲਾਕਾ ਜਿਥੇ ਦੇਸ਼ ਵਿਚ ਦੱਖਣੀ ਏਸ਼ੀਅਨ ਭਾਈਚਾਰੇ ਦੀ ਸਭ ਤੋਂ ਵੱਧ ਆਬਾਦੀ ਹੈ ਵਿਚ ਚਾਰੇ ਫੈਡਰਲ ਚੋਣ ਹਲਕਿਆਂ ਵਿਚ ਲਿਬਰਲ ਪਾਰਟੀ ਆਫ ਕੈਨੇਡਾ ਨੇ ਜਿੱਤ ਹਾਸਲ ਕੀਤੀ ਹੈ। ਬਰੈਂਪਟਨ ਸੈਂਟਰ ਤੋਂ ਲਿਬਰਲ ਦੇ ਮੌਜੂਦਾ ਐਮਪੀ ਸ਼ਫਾਕਤ ਅਲੀ ਨੇ ਜਿੱਤ ਹਾਸਲ ਕੀਤੀ ਹੈ ਜਿਥੇ ਉਸ ਨੇ ਸ਼ਹਿਰ ਦੇ ਸਖਤ ਮੁਕਾਬਲੇ ਵਿਚ ਕੰਸਰਵੇਟਿਵ ਉਮੀਦਵਾਰ ਜਗਦੀਪ ਸਿੰਘ ਨੂੰ ਹਰਾ ਕੇ 46 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਹਨ। ਲਿਬਰਲ ਐਮਪੀ ਮਨਿੰਦਰ ਸਿੱਧੂ ਆਪਣੀ ਬਰੈਂਪਟਨ ਈਸਟ ਸੀਟ, ਲਿਬਰਲ ਉਮੀਦਵਾਰ ਰੂਬੀ ਸਹੋਤਾ ਬਰੈਂਪਟਨ ਨੌਰਥ ਤੋਂ ਤੀਸਰੀ ਵਾਰ ਫਿਰ ਚੁਣੀ ਗਈ ਜਦਕਿ ਬਰੈਂਪਟਨ ਵੈਸਟ ਤੋਂ ਲਿਬਰਲ ਉਮੀਦਵਾਰ ਕਮਲ ਖੇੜਾ ਮੁੜ ਜੇਤੂ ਰਹੇ। 60000 ਤੋਂ ਵੀ ਜ਼ਿਆਦਾ ਆਬਾਦੀ ਵਾਲੇ ਬੀਸੀ ਦੇ ਸਰੀ-ਨਿਊਟਨ ਹਲਕੇ ਜਿਥੇ 60 ਫ਼ੀਸਦੀ ਆਬਾਦੀ ਦੱਖਣੀ ਏਸ਼ੀਅਨ ਨਵੇਂ ਕੈਨੇਡੀਅਨਾਂ ਦੀ ਹੈ ਵਿਚ ਸਾਰੇ ਪੰਜੇ ਉਮੀਦਵਾਰ ਦੱਖਣੀ ਏਸ਼ੀਅਨ ਵਿਰਾਸਤ ਵਾਲੇ ਹਨ। ਲਿਬਰਲ ਦੇ ਮੌਜੂਦਾ ਐਮਪੀ ਸੁੱਖ ਧਾਲੀਵਾਲ ਨੇ ਕੰਸਰਵੇਟਿਵ ਦੇ ਸਈਦ ਮੋਹਸਿਨ, ਨਿਊ ਡੈਮੋਕਰੈਟ ਦੇ ਅਵਨੀਤ ਜੌਹਲ, ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਪਾਮੇਲਾ ਸਿੰਘ ਅਤੇ ਆਜ਼ਾਦ ਪਰਵੀਰ ਹੁੰਦਲ ਨੂੰ ਹਰਾ ਦਿੱਤਾ। ਇਕ ਹੋਰ ਇਲਾਕਾ ਅਲਬਰਟਾ ਦਾ ਕੈਲਗਰੀ ਸਕਾਈਵਿਊ ਹੈ ਜਿਥੇ ਨਵੇਂ ਪ੍ਰਵਾਸੀਆਂ ਦੀ ਵੱਡੀ ਆਬਾਦੀ ਹੈ ਵਿਚ ਲਿਬਰਲ ਦੇ ਜੌਰਜ ਚਾਹਲ ਨੇ ਕੰਸਰਵੇਟਿਵ ਦੇ ਜੈਗ ਸਹੋਤਾ ਨੂੰ ਹਰਾ ਦਿੱਤਾ। ਪਾਰਲੀਮੈਂਟ ਦੇ 338 ਹਲਕਿਆਂ ਵਿਚ 40 ਤੋਂ ਵੀ ਜ਼ਿਆਦਾ ਵਿਚ ਘੱਟਣਗਤੀ ਦੀਆਂ ਸਭ ਤੋਂ ਜ਼ਿਆਦਾ ਵੋਟਾਂ ਹਨ।

# ਬੀਸੀ ਵਿਚ ਕੋਵਿਡ-19 ਨਾਲ 10 ਮੌਤਾਂ-759 ਨਵੇਂ ਮਾਮਲੇ ਦਰਜ



ਵੈਨਕੂਵਰ-ਬੀਸੀ ਵਿਚ ਕੋਵਿਡ-19 ਨਾਲ 10 ਮੌਤਾਂ ਹੋਈਆਂ ਹਨ ਜਦਕਿ 759 ਨਵੇਂ ਮਾਮਲੇ ਦਰਜ ਕੀਤੇ ਗਏ ਹਨ। ਸਿਹਤ ਮੰਤਰਾਲੇ ਨੇ ਤਾਜ਼ਾ ਜਾਣਕਾਰੀ ਵਿਚ ਦੱਸਿਆ ਕਿ ਸੂਬੇ ਵਿਚ ਨਵੇਂ ਲਾਗ ਦੇ 7 ਦਿਨ ਦੇ ਔਸਤਨ ਮਾਮਲੇ 622 ਤੋਂ ਵਧ ਕੇ 636 ਮਾਮਲੇ ਪ੍ਰਤੀ ਦਿਨ ਹੋ ਗਏ ਹਨ। ਬੀਸੀ ਵਿਚ ਕੋਰੋਨਾਵਾਇਰਸ ਨਾਲ ਸਬੰਧਤ 7 ਦਿਨ ਵਿਚ ਔਸਤਨ ਮੌਤਾਂ ਵੀ 5.29 ਪ੍ਰਤੀ ਦਿਨ ਤੋਂ ਵਧ ਗਈਆਂ ਹਨ ਜਿਹੜੀਆਂ ਫਰਵਰੀ ਪਿੱਛੋਂ ਸਭ ਤੋਂ ਵੱਧ ਹਨ ਜਦੋਂ ਸੂਬਾ ਆਪਣੇ ਟੀਕਾਕਰਣ ਪ੍ਰੋਗਰਾਮ ਨੂੰ ਵਧਾ ਰਿਹਾ ਸੀ। ਸਿਹਤ ਮੰਤਰੀ ਐਡਰੀਅਨ ਡਿਕਸ ਨੇ ਕਿਹਾ ਕਿ ਅਸੀਂ ਉਨ੍ਹਾਂ ਦੇ ਪਰਿਵਾਰਾਂ, ਦੋਸਤਾਂ ਤੇ ਦੇਖਭਾਲ ਕਰਨ ਵਾਲਿਆਂ ਨਾਲ ਹਮਦਰਦੀ ਜ਼ਾਹਿਰ ਕਰਦੇ ਹਨ ਜਿਨ੍ਹਾਂ ਦੀ ਕੋਵਿਡ-19 ਨਾਲ ਮੌਤ ਹੋ ਗਈ। ਮ੍ਰਿਤਕਾਂ ਵਿਚੋਂ 7 ਫਰੇਜ਼ਰ ਹੈਲਥ ਰੀਜ਼ਨ, ਦੋ ਵੈਨਕੂਵਰ ਕੋਸਟਲ ਹੈਲਥ ਰੀਜਨ ਅਤੇ ਇਕ ਆਈਲੈਂਡ ਹੈਲਥ ਰੀਜ਼ਨ ਵਿਚ ਰਹਿੰਦਾ ਸੀ। ਅਧਿਕਾਰੀਆਂ ਨੇ ਮਰਨ ਵਾਲੇ ਵਿਅਕਤੀਆਂ ਦੀ ਉਮਰ ਜਾਂ ਟੀਕਾਕਰਣ ਸਥਿਤੀ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਤਾਜ਼ਾ ਜਾਣਕਾਰੀ ਮੁਤਾਬਿਕ 324 ਕੋਵਿਡ-19 ਮਰੀਜ਼ ਹਸਪਤਾਲਾਂ ਵਿਚ ਦਾਖਲ ਹਨ ਜਿਨ੍ਹਾਂ ਵਿਚੋਂ 157 ਆਈਸੀਯੂ ਵਿਚ ਹਨ।


ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ

S & S Jewellers Ltd.



Authorized Dealer
20% OFF SEIKO, PULSAR
ALL Watches
(3 Yrs Limited Warranty)



Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals

Diamond Ring 50% Off

Surjit S. Kanda * Avtar S. Kanda
604.582.5849
9269 - 120 St. Delta BC V4C 6R8



DAY AND NIGHT LABOUR LTD.

ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421



ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF Berber Installed
Textured Saxony Installed from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet Starts From .78 cent
Berber Starts From .78 cent
Area Rug (5x8) Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch






# ਸੱਤਾ ਦਾ ਸੰਤੁਲਨ ਮੁੜ ਜਗਮੀਤ ਸਿੰਘ ਦੇ ਹੱਥ

[ਸਫ਼ਾ 3 ਦੀ ਬਾਕੀ]

ਵਿਚ ਭਰੋਸੇ ਦਾ ਵੋਟ ਜਿੱਤਣ ਲਈ ਤਿੰਨ ਦੂਸਰੀਆਂ ਮੁੱਖ ਪਾਰਟੀਆਂ ਕੰਸਰਵੇਟਿਵਸ, ਐਨਡੀਪੀ ਜਾਂ ਬਲੌਕ ਕਿਊਬਕੋਇਸ ਵਿਚੋਂ ਇਕ ਦੇ ਸਮਰਥਨ ਦੀ ਲੋੜ ਪਵੇਗੀ। ਪਿਛਲੀ ਸਰਕਾਰ ਵਿਚ ਲਿਬਰਲਸ ਵਾਰ ਵਾਰ ਮੁੱਖ ਵੋਟਸ ਲਈ ਐਨਡੀਪੀ 'ਤੇ ਨਿਰਭਰ ਰਹੀ ਅਤੇ ਸਿੰਘ ਦੀ ਪਾਰਟੀ ਕੋਲ ਸਮਰਥਨ ਬਦਲੇ ਲਿਬਰਲਸ ਤੋਂ ਰਿਆਇਤਾਂ ਲੈਣ ਲਈ ਕਾਫੀ ਸੀਟਾਂ ਹਨ। ਆਪਣੀ ਪਾਰਟੀ ਦੇ ਵੈਨਕੂਵਰ ਹੈਡਕੁਆਟਰਜ਼ ਵਿਖੇ ਸਿੰਘ ਨੇ ਕਿਹਾ ਕਿ ਉਹ ਵੋਟਿੰਗ ਲਈ ਕੈਨੇਡੀਅਨਾਂ ਦਾ ਧੰਨਵਾਦ ਕਰਦੇ ਹਨ। ਉਹ ਕੈਨੇਡੀਅਨਾਂ ਨੂੰ ਦੱਸਣਾ ਚਾਹੁੰਦਾ ਹੈ ਕਿ ਉਹ ਨਿਊ ਡੈਮੋਕਰੈਟਸ 'ਤੇ ਇਸ ਗੱਲ ਦਾ ਭਰੋਸਾ ਕਰ ਸਕਦੇ ਹਨ ਕਿ ਉਹ ਤੁਹਾਡੇ ਲਈ ਲੜਾਈ ਜਾਰੀ ਰੱਖਣਗੇ।

# ਫੈਡਰਲ ਚੋਣਾਂ ਪਿੱਛੋਂ ਮੁੜ ਘੱਟਗਿਣਤੀ ਸਰਕਾਰ-ਅੱਗੇ ਕੀ ਹੋਵੇਗਾ ?

[ਸਫ਼ਾ 3 ਦੀ ਬਾਕੀ]

ਲੋਕਪ੍ਰਿਯ ਵੋਟ ਜਿੱਤਣ ਤੇ ਤਿੰਨ ਕੈਬਨਿਟ ਮੰਤਰੀ ਹਰਾਉਣ ਦੇ ਬਾਵਜੂਦ ਵਾਧੂ ਸੀਟਾਂ ਨਹੀਂ ਜਿੱਤ ਸਕੇ। ਪਿਛਲੇ ਮਹੀਨੇ ਦੀ ਸਥਿਤੀ ਨਾਲੋਂ ਬਲੌਕ ਦੀਆਂ ਦੋ ਸੀਟਾਂ ਵਧੀਆਂ ਹਨ ਜਦਕਿ ਐਨਡੀਪੀ ਕੁਲ ਮਿਲਾ ਕੇ ਉਥੇ ਹੀ ਖੜੀ ਹੈ, ਕੇਵਲ ਇਕ ਵਾਧੂ ਸੀਟ ਵਧੀ ਹੈ। ਗਰੀਨ ਨੇ ਪਹਿਲਾਂ ਜਿੰਨੇ ਐਮਪੀਜ਼ ਨਾਲ ਵਾਪਸੀ ਕੀਤੀ ਹੈ, ਇਸ ਵਾਰ ਉਨ੍ਹਾਂ ਵਿਚੋਂ ਇਕ ਓਨਟਾਰੀਓ ਤੋਂ ਹੈ ਪਰ ਇਹ ਗਰੀਨ ਆਗੂ ਅਨੈਮੀ ਪੌਲ ਨਹੀਂ ਹੈ। 44ਵੀਂ ਸੰਸਦ ਦੇ ਅਗਲੇ ਕਦਮਾਂ ਵਿਚ ਟਰੂਡੋ ਨਵੇਂ ਮੰਤਰੀ ਮੰਡਲ ਦਾ ਗਠਨ ਕਰਨਗੇ। ਹਾਊਸ ਆਫ ਕਾਮਨਜ਼ ਸਪੀਕਰ ਦੀ ਚੋਣ ਕਰੇਗਾ ਅਤੇ ਚੌਥੀ ਵੇਵ ਵਿਚ ਪਾਰਲੀਮੈਂਟ ਵਿਚ ਵਾਪਸੀ ਲਈ ਮਾਪਦੰਡ ਤਹਿ ਹੋਣਗੇ ਅਤੇ ਫਿਰ ਥਰੋਨ ਭਾਸ਼ਣ ਹੋਵੇਗਾ। ਚੋਣਾਂ ਦੇ ਬਾਅਦ ਦੇ ਪੜਾਅ ਦੀਆਂ ਇਹ ਕੁਝ ਨਿਸ਼ਚਤ ਗੱਲਾਂ ਹਨ ਜਦਕਿ ਸਰਕਾਰ ਚਲਾਉਣ ਨੂੰ ਲੈਕੇ ਕਈ ਅਨਿਸ਼ਚਤਾਵਾਂ ਬਰਕਰਾਰ ਹਨ।



### ਕੀ ਇਹ ਟਰੂਡੋ ਦੀਆਂ ਆਖਰੀ ਚੋਣਾਂ ਹਨ ?

ਓਟਵਾ-ਟਰੂਡੋ ਨੇ 15 ਅਗਸਤ ਨੂੰ ਫੈਡਰਲ ਚੋਣਾਂ ਦਾ ਸੱਦਾ ਦੇਣ ਵੇਲੇ ਕੋਵਿਡ-19 ਸੰਕਟ ਨਾਲ ਨਜਿੱਠਣ ਅਤੇ ਟੀਕਾਕਰਣ ਨਾਲ ਕੈਨੇਡੀਅਨਾਂ ਦੀਆਂ ਹਾਂਪੱਖੀ ਭਾਵਨਾਵਾਂ ਨੂੰ ਕੈਸ਼ ਕਰਨ ਦੀ ਆਸ ਨਾਲ ਜੂਆ ਖੇਡਿਆ ਸੀ। ਅਜਿਹਾ ਕਰਦਿਆਂ ਉਨ੍ਹਾਂ ਆਪਣੀ ਦੋ ਸਾਲਾਂ ਵਿਚ ਆਪਣੀ ਪਹਿਲੀ ਘੱਟਗਿਣਤੀ ਸਰਕਾਰ ਤੋੜ ਦਿੱਤੀ ਅਤੇ ਮੁਕਾਬਲਤਨ ਗੈਰਚੁਣੌਤੀ ਵਾਲੀ ਚਾਰ ਸਾਲਾਂ ਲਈ ਬਹੁਮਤ ਵਾਲੀ ਸਰਕਾਰ ਬਣਾਉਣ ਦੀ ਆਸ ਨਾਲ ਕੈਨੇਡੀਅਨਾਂ ਨੂੰ ਮਹਿੰਗੀਆਂ ਸੰਘੀ ਚੋਣਾਂ ਲਈ ਵੋਟਾਂ ਪਾਉਣ ਦਾ ਸੱਦਾ ਦੇ ਦਿੱਤਾ ਅਤੇ ਇਹ ਨਹੀਂ ਸੋਚਿਆ ਕਿ ਜੇਕਰ ਨਤੀਜੇ ਵੱਖਰੇ ਹੋਏ ਤਾਂ ਚਾਈਲਡਕੇਅਰ ਵਰਗੀਆਂ ਕੁਝ ਮੁੱਖ ਨੀਤੀਗਤ ਤਜਵੀਜ਼ਾਂ ਖ਼ਤਰੇ ਵਿਚ ਪੈ ਸਕਦੀਆਂ ਹਨ।



# ਜਗਮੀਤ ਸਿੰਘ ਨੂੰ ਘੱਟ ਸੀਟਾਂ ਦੇ ਬਾਵਜੂਦ ਪਾਰਟੀ ਦਾ ਨੇਤਾ ਬਣੇ ਰਹਿਣ ਦੀ ਆਸ

ਵੈਨਕੂਵਰ-ਜਗਮੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਸੋਮਵਾਰ ਦੀਆਂ ਚੋਣਾਂ ਵਿਚ ਬਹੁਤੀਆਂ ਸੀਟਾਂ ਪ੍ਰਾਪਤ ਕਰਨ ਵਿਚ ਨਾਕਾਮ ਰਹਿਣ ਦੇ ਬਾਵਜੂਦ ਉਹ ਐਨਡੀਪੀ ਦੇ ਨੇਤਾ ਵਜੋਂ ਬਣੇ ਰਹਿਣਗੇ। ਚੋਣਾਂ ਪਿੱਛੋਂ ਵੈਨਕੂਵਰ ਵਿਚ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਿੰਘ ਨੇ ਕਿਹਾ ਕਿ ਉਹ ਆਪਣੀ ਲੀਡਰਸ਼ਿਪ ਨੂੰ ਸੁਰੱਖਿਅਤ ਸਮਝਦੇ ਹਨ ਅਤੇ ਉਨ੍ਹਾਂ ਨੂੰ ਅਜੇ ਵੀ ਪਾਰਟੀ ਦਾ ਸਮਰਥਨ ਹਾਸਲ ਹੈ। ਐਨਡੀਪੀ ਨੇ ਮੁਹਿੰਮ ਚਲਾਈ ਹੈ ਜਿਸ 'ਤੇ ਉਸ ਦੇ ਮੈਂਬਰਾਂ ਨੂੰ ਮਾਣ ਹੈ। ਉਹ ਕੈਨੇਡੀਅਨਾਂ ਨੂੰ ਦੱਸਣਾ ਚਾਹੁੰਦਾ ਹੈ ਕਿ ਐਨਡੀਪੀ ਪਾਰਲੀਮੈਂਟ ਵਿਚ ਉਨ੍ਹਾਂ ਲਈ ਲੜਾਈ ਜਾਰੀ ਰੱਖੇਗੀ। ਜਗਮੀਤ ਸਿੰਘ ਨੇ ਦੱਸਿਆ ਕਿ ਐਨਡੀਪੀ ਦੇ ਕਈ ਐਮਪੀਜ਼ ਚੁਣੇ ਜਾਣ 'ਤੇ ਭਾਵੇਂ ਉਹ ਖੁਸ਼ ਹੈ ਪਰ ਉਹ ਨਿਰਾਸ਼ ਹੈ ਕਿਉਂਕਿ ਉਸ ਦੀ ਪਾਰਟੀ ਦੇ ਬਹੁਤ ਸਾਰੇ ਉਮੀਦਵਾਰ ਓਟਵਾ ਵਿਚ ਉਨ੍ਹਾਂ ਨਾਲ ਸ਼ਾਮਿਲ ਨਹੀਂ ਹੋ ਸਕੇ। ਇਸ ਦਾ ਨੁਕਸਾਨ ਇਕ ਨੇਤਾ ਵਜੋਂ ਮੈਨੂੰ ਨਹੀਂ ਜਾਂ ਟੀਮ ਵਜੋਂ ਨਿਊ ਡੈਮੋਕਰੈਟਿਕਸ ਨੂੰ ਨਹੀਂ ਸਗੋਂ ਕੈਨੇਡਾ ਲਈ ਹੈ। ਇਸ ਹਫਤੇ ਦੇ ਸ਼ੁਰੂ ਵਿਚ ਜਦੋਂ ਇਕ ਪੱਤਰਕਾਰ ਨੇ ਸਿੰਘ ਨੂੰ ਪੁੱਛਿਆ ਕਿ ਜੇਕਰ ਨਵੀਂ ਘੱਟਗਿਣਤੀ ਪਾਰਲੀਮੈਂਟ ਵਿਚ ਸੱਤਾਂ ਦਾ ਸੰਤੁਲਨ ਐਨਡੀਪੀ ਕੋਲ ਹੋਇਆ ਤਾਂ ਕੀ ਹੋਵੇਗਾ। ਸਿੰਘ ਨੇ ਕਿਹਾ ਕਿ ਘੱਟਗਿਣਤੀ ਸਰਕਾਰ ਦੀ ਸਥਿਤੀ ਵਿਚ ਉਸ ਦੀ ਪਾਰਟੀ ਦਾ ਪ੍ਰਸਤਾਵਤ ਵੈਲਥ ਟੈਕਸ ਨੰਬਰ ਇਕ ਤਰਜੀਹ ਹੋਵੇਗੀ।









## ਮੁੜ ਘੱਟਗਿਣਤੀ ਲਿਬਰਲ ਸਰਕਾਰ ....

# ਮੱਧਕਾਲੀ ਚੋਣਾਂ ਲਈ ਜਵਾਬਦੇਹੀ ਕਿਸਦੀ ?

**ਸੁਖਵਿੰਦਰ ਸਿੰਘ ਚੋਹਲਾ**

ਕੋਵਿਡ ਮਹਾਂਮਾਰੀ ਦੇ ਚਲਦਿਆਂ ਅਚਨਚੇਤ ਚੋਣਾਂ ਦਾ ਐਲਾਨ ਤੇ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਲੋਕਾਂ ਉਪਰ 600 ਮਿਲੀਅਨ ਡਾਲਰ ਚੋਣਾਂ ਦਾ ਵਾਧੂ ਬੋਝ ਪਾਉਣ ਅਤੇ ਨਤੀਜੇ ਫਿਰ ਉਹੀ ਰਹਿਣ ਕਾਰਣ ਪ੍ਰਧਾਨ ਮੰਤਰੀ ਟਰੂਡੋ ਦੀ ਆਲੋਚਨਾ ਹੋਣੀ ਲਾਜ਼ਮੀ ਹੈ। ਭਾਵੇਂਕਿ ਉਹ ਮੁੜ ਸਰਕਾਰ ਬਣਾਉਣ ਜਾ ਰਹੇ ਹਨ ਪਰ ਲੋਕ ਪੁੱਛ ਰਹੇ ਹਨ ਕਿ ਜੇ ਸਥਿਤੀ ਪਹਿਲਾਂ ਵਾਲੀ ਹੀ ਹੈ ਤਾਂ ਇਹ ਚੋਣਾਂ ਕਿਉ ਕਰਵਾਈਆਂ ਗਈਆਂ ? ਸ਼ਾਇਦ ਪ੍ਰਧਾਨ ਮੰਤਰੀ ਤੇ ਲਿਬਰਲ ਪਾਰਟੀ ਕੋਲ ਇਸਦਾ ਕੋਈ ਠੋਸ ਉਤਰ ਨਹੀ ਹੈ। ਚੋਣ ਸਰਵੇਖਣਾਂ ਦੇ ਇਹ ਅੰਕੜੇ ਵੀ ਇਹੀ ਸਪੱਸ਼ਟ ਕਰਦੇ ਰਹੇ ਕਿ ਟਰੂਡੋ ਪ੍ਰਧਾਨ ਮੰਤਰੀ ਤਾਂ ਮੁੜ ਬਣ ਜਾਣਗੇ ਪਰ ਲਿਬਰਲ ਨੂੰ ਸਾਲ 2019 ਵਾਲੀ ਸਥਿਤੀ ਦਾ ਹੀ ਮੁੜ ਸਾਹਮਣਾ ਕਰਨਾ ਪੈ ਸਕਦਾ ਹੈ ਭਾਵ ਜਿਸ ਬਹੁਮਤ ਦੇ ਮਕਸਦ ਲਈ ਉਹ ਵੋਟ ਮੈਦਾਨ ਵਿਚ ਆਏ ਹਨ, ਉਸ ਇੱਛਾ ਦੀ ਪੂਰਤੀ ਦੂਰ ਦੀ ਕੌਡੀ ਲੱਗਦੀ ਹੈ ਤੇ ਹੋਇਆ ਵੀ ਇੰਜ ਹੀ। ਪੂਰੀ ਚੋਣ ਮੁਹਿੰਮ ਦੌਰਾਨ ਕੰਸਰਵੇਟਿਵ ਅਤੇ ਐਨ ਡੀ ਪੀ ਵੱਲੋ ਪ੍ਰਧਾਨ ਮੰਤਰੀ ਟਰੂਡੋ ਨੂੰ ਕੋਵਿਡ ਮਹਾਂਮਾਰੀ ਦੌਰਾਨ ਚੋਣਾਂ ਕਰਵਾਏ ਜਾਣ ਨੂੰ ਮੌਕਾਪ੍ਰਸਤੀ ਅਤੇ ਸੱਤਾ ਦਾ ਲਾਲਚੀ ਹੋਣ ਵਜੋ ਭੰਡਿਆ ਗਿਆ ਹੈ। ਲੋਕ ਮਨਾਂ ਵਿਚ ਵੀ ਇਹ ਰਾਇ ਮਜ਼ਬੂਤ ਰਹੀ ਕਿ ਇਸ ਸਮੇ ਚੋਣਾਂ ਦੀ ਕੋਈ ਜ਼ਰੂਰਤ ਨਹੀ ਸੀ। ਘੱਟ ਗਿਣਤੀ ਸਰਕਾਰ ਆਪਣੇ ਢੰਗ ਨਾਲ ਚੱਲ ਰਹੀ ਸੀ ਤੇ ਕਿਸੇ ਵੀ ਵਿਰੋਧੀ ਧਿਰ ਤੋ ਕੋਈ ਖਤਰਾ ਨਹੀ ਸੀ। ਸਦਨ ਵਿਚ ਲਿਆਂਦੇ ਕਿਸੇ ਵੀ ਬਿੱਲ ਸਮੇ ਸਰਕਾਰ ਨੂੰ ਕੋਈ ਅੜਿਚਣ ਨਹੀ ਆਈ ਤੇ ਨਾਹੀ ਆਉਣ ਦੀ ਉਮੀਦ ਸੀ। ਅਕਾਰਣ ਲੋਕਾਂ ਸਿਰ ਚੋਣਾਂ ਥੋਪਣ ਦੇ ਸਵਾਲਾਂ ਤੋ ਲਾਜਵਾਬ ਦਿਖਾਈ ਦਿੰਦੇ ਜਸਟਿਨ ਟਰੂਡੋ ਨੂੰ ਚੋਣਾਂ ਤੋ ਚਾਰ ਦਿਨ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਤੇ ਹਰਮਨਪਿਆਰੇ ਆਗੂ ਜੀਨ ਕਰੇਚੀਅਨ ਵਲੋ ਇਸ ਮੁੱਦੇ ਉਪਰ ਮਿਲੀ ਹਮਾਇਤ ਨੇ ਵੱਡੀ ਰਾਹਤ ਦਿੱਤੀ ਸੀ। ਜੀਨ ਕਰੇਚੀਅਨ ਦਾ ਕਹਿਣਾ ਸੀ ਕਿ ਰਵਾਇਤ ਇਹੀ ਹੈ ਕਿ ਘੱਟ ਗਿਣਤੀ ਸਰਕਾਰ ਦੋ ਸਾਲ ਹੀ ਚੱਲਦੀ ਹੈ ਤੇ ਉਸ ਉਪਰੰਤ ਚੋਣਾਂ ਕਰਵਾ ਲਈਆਂ ਜਾਂਦੀਆਂ ਹਨ। ਕੈਨੇਡੀਅਨ ਚੋਣ ਇਤਿਹਾਸ ਵਿਚ ਭਾਵੇ ਅਜਿਹੀ ਰਵਾਇਤ ਰਹੀ ਹੋਵੇ ਪਰ ਤਾਜ਼ਾ ਹਾਲਾਤ ਕਾਫੀ ਭਿੰਨ ਸਨ। ਫਿਰ ਵੀ ਜੀਨ ਕਰੇਚੀਅਨ ਵਲੋ ਜਸਟਿਨ ਟਰੂਡੋ ਦੇ ਪੱਖ ਵਿਚ ਆਉਣ ਤੋ ਇਲਾਵਾ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਤੇ ਸਾਬਕਾ ਉਪ ਰਾਸ਼ਟਰਪਤੀ ਹਲੇਰੀ ਵਲੋ ਵੀ ਟਰੂਡੋ ਦਾ ਸਮਰਥਨ ਕਰਨਾ ਲਿਬਰਲ ਦੀ ਚੋਣ ਮੁਹਿੰਮ ਨੂੰ ਮਜ਼ਬੂਤੀ ਦੇਣ ਵਾਲਾ ਸੀ। ਪ੍ਰਧਾਨ ਮੰਤਰੀ ਟਰੂਡੋ ਵਲੋ ਕੋਵਿਡ ਦੌਰਾਨ ਲੋਕਾਂ ਅਤੇ ਛੋਟੇ ਵੱਡੇ ਬਿਜਨੈਸਾਂ ਨੂੰ ਆਰਥਿਕ ਰਾਹਤਾਂ ਉਪਰ ਭਾਵੇ ਕੰਸਰਵੇਟਿਵ ਬਜਟ ਸਮੱਸਿਆਵਾਂ ਦੀ ਦੁਹਾਈ ਪਾਉਂਦੀ ਰਹੀ ਪਰ ਸਮਝਿਆ ਜਾਂਦਾ ਰਿਹਾ ਕਿ ਬਹੁਗਿਣਤੀ ਲੋਕ ਕੋਵਿਡ ਪ੍ਰਬੰਧਾਂ ਅਤੇ ਸਫਲ ਵੈਕਸੀਨੇਸ਼ਨ ਮੁਹਿੰਮ ਕਾਰਣ ਲਿਬਰਲ ਨੀਤੀਆਂ ਦੇ ਸਮਰਥਕ ਹਨ। ਇਲੈਕਸ਼ਨ ਕੈਨੇਡਾ ਮੁਤਾਬਿਕ ਇਸ ਵਾਰ 5.8 ਮਿਲੀਅਨ ਲੋਕਾਂ ਨੇ ਅਡਵਾਂਸ ਵੋਟਿੰਗ ਕੀਤੀ ਜੋ ਕਿ 2019 ਦੀ ਅਡਵਾਂਸ ਵੋਟ 4.9 ਮਿਲੀਅਨ ਤੋ 18 ਪ੍ਰਤੀਸ਼ਤ ਵਾਧੂ ਰਹੀ। ਇਸੇ ਤਰਾਂ ਇਸ ਵਾਰ ਲੋਕਾਂ ਨੇ ਡਾਕ ਵੋਟਾਂ ਨੂੰ ਵੀ ਵੱਡੀ ਤਰਜੀਹ ਦਿੱਤੀ । ਲਗਪਗ 1.2 ਮਿਲੀਅਨ ਵੋਟਰਾਂ ਨੇ ਇਲੈਕਸ਼ਨ ਕੈਨੇਡਾ ਤੋ ਡਾਕ ਵੋਟਾਂ ਮੰਗਵਾਉਣ ਨੂੰ ਤਰਜੀਹ ਦਿੱਤੀ ।ਇਸ ਦੌਰਾਨ ਸਭ ਤੋ ਵਧੇਰੇ ਸੀਟਾਂ ਵਾਲੇ ਸੂਬੇ ਓਨਟਾਰੀਓ ਵਿਚ ਲਿਬਰਲ ਸਮਰਥਨ ਨੂੰ ਕੰਸਰਵੇਟਿਵ ਨਾਲੋ ਲੀਡ ਮਿਲਣ ਦੀ ਖਬਰ ਵੀ ਉਤਸ਼ਾਹ ਵਾਲੀ ਰਹੀ ਤੇ ਹੋਇਆ ਵੀ ਇੰਜ ਹੀ। ਲਿਬਰਲ ਆਪਣੀਆਂ ਬਹੁਗਿਣਤੀ ਸੀਟਾਂ ਮੁੜ ਜਿੱਤਣ ਵਿਚ ਕਾਮਯਾਬ ਰਹੀ। ਦੂਸਰੇ ਪਾਸੇ ਕੰਸਰਵੇਟਿਵ ਚੋ ਨਿਕਲੀ ਪੀਪਲਜ਼ ਪਾਰਟੀ ਆਫ ਕੈਨੇਡਾ ਨੂੰ 6.7 ਪ੍ਰਤੀਸ਼ਤ ਸਮਰਥਨ ਮਿਲਣਾ ਹੈਰਾਨੀਜਨਕ ਰਿਹਾ ਜੋਕਿ ਪਿਛਲੀਆਂ ਚੋਣਾਂ ਵਿਚ ਕੇਵਲ 1.7 ਪ੍ਰਤੀਸ਼ਤ ਸੀ। ਚਰਚਾ ਰਹੀ ਕਿ ਪੀ ਪੀ ਸੀ ਨੂੰ ਸਮਰਥਨ ਦੇਣ ਵਾਲੇ ਉਹ ਲੋਕ ਹਨ ਜੋ ਟੀਕਾਕਰਣ ਦੇ ਵਿਰੋਧੀ ਹਨ। ਐਂਟੀ ਟੀਕਾਕਰਣ ਵਿਖਾਵਾਕਾਰੀਆਂ ਵਲੋ ਟਰੂਡੋ ਦੀਆਂ ਚੋਣਾਂ ਰੈਲੀਆਂ ਦੀ ਵਿਰੋਧਤਾ ਦੌਰਾਨ ਪੀਪੀਸੀ ਦੇ ਸਮਰਥਕਾਂ ਦੀ ਖੁੱਲੀ ਸ਼ਮੂਲੀਅਤ ਨੇ ਆਮ ਲੋਕਾਂ ਨੂੰ ਸੋਚਣ ਲਈ ਮਜ਼ਬੂਰ ਕੀਤਾ। ਪੀਪੀਸੀ ਦੇ ਆਗੂ ਮੈਕਸਿਮ ਬਰਨੀਅਰ ਟੀਕਾਕਰਣ ਵਿਰੋਧੀ ਲੋਕਾਂ ਦਾ ਸਮਰਥਨ ਤਾਂ ਮਿਲਿਆ ਪਰ ਉਹਨਾਂ ਦਾ ਇਹ ਸਮਰਥਨ ਕੰਸਰਵੇਟਿਵ ਲਈ ਨੁਕਸਾਨਦੇਹ ਸਾਬਿਤ ਰਿਹਾ। ਇਸ ਦੌਰਾਨ ਅਲਬਰਟਾ ਵਿਚ ਕੋਵਿਡ ਸਥਿਤੀ ਬਦਤਰ ਹੋਣ ਅਤੇ ਕੈਨੀ ਸਰਕਾਰ ਵਲੋ ਮੁੜ ਕੋਵਿਡ ਪਾਬੰਦੀਆਂ ਆਇਦ ਕੀਤੇ ਜਾਣ ਦੀ ਮਜ਼ਬੂਰੀ ਨੇ ਲਿਬਰਲ ਦੀ ਕੋਵਿਡ ਅਤੇ ਟੀਕਾਕਰਣ ਨੀਤੀ ਨੂੰ ਬੱਲ ਦਿੱਤਾ। ਚੋਣ ਮੁਹਿੰਮ ਦੇ ਆਖਰੀ ਹਫਤੇ ਵਾਤਾਵਰਣ ਸੰਭਾਲ, ਸਿਹਤ ਸਹੂਲਤਾਂ ਵਿਚ ਪ੍ਰਾਈਵੇਟ ਦਖਲਅੰਦਾਜ਼ੀ, ਹੈਲਥ ਟਰਾਂਸਫਰ, ਗੰਨ ਪਾਬੰਦੀ ਅਤੇ ਗਰਭਪਾਤ ਇੱਛਾ ਆਦਿ ਮੁੱਦਿਆਂ ਉਪਰ ਕੰਸਰਵੇਟਿਵ ਆਗੂ ਦੇ ਲੜਖੜਾਉਣ ਅਤੇ ਸਪੱਸ਼ਟਵਾਦੀ ਪਹੁੰਚ ਤੋ ਦੂਰ ਹੋਣ ਕਾਰਣ ਉਹ ਲਿਬਰਲ ਆਗੂ ਨਾਲੋ ਪਿੱਛੇ ਜਾ ਪਏ । ਸ਼ਾਇਦ ਅਜਿਹੀ ਸਥਿਤੀ ਨੂੰ ਵੇਖਦਿਆਂ ਹੀ ਸਿਆਸੀ ਮਾਹਿਰਾਂ ਦੀ ਰਾਇ ਵਿਚ ਕੁਝ ਤਬਦੀਲੀ ਨਜ਼ਰ ਆਈ ਕਿ ਬੇਸ਼ੱਕ ਸਰਕਾਰ ਘੱਟਗਿਣਤੀ ਹੀ ਬਣੇ ਪਰ ਪ੍ਰਧਾਨ ਮੰਤਰੀ ਵਜੋ ਟਰੂਡੋ ਹੀ ਮਜ਼ਬੂਤ ਦਾਅਵੇਦਾਰ ਹਨ। ਬਿਨਾਂ ਸ਼ੱਕ ਜਸਟਿਨ ਟਰੂਡੋ ਪ੍ਰਧਾਨ ਮੰਤਰੀ ਵਜੋ ਮੁੜ ਪ੍ਰਧਾਨ ਮੰਤਰੀ ਬਣਨ ਜਾ ਰਹੇ ਹਨ ਪਰ ਇਸ ਵਾਰ ਵੀ ਉਹਨਾਂ ਨੂੰ ਆਪਣੀ ਘੱਟ ਗਿਣਤੀ ਸਰਕਾਰ ਚਲਾਉਣ ਲਈ ਐਨ ਡੀ ਪੀ ਆਗੂ ਜਗਮੀਤ ਸਿੰਘ ਉਪਰ ਨਿਰਭਰ ਰਹਿਣਾ ਹੋਵੇਗਾ। ਪਿਛਲੀ ਸਰਕਾਰ ਵਾਂਗ ਜਗਮੀਤ ਸਿੰਘ ਲੋਕ ਪੱਖੀ ਫੈਸਲਿਆਂ ਲਈ ਆਪਣੀ ਪਾਰਟੀ ਦਾ ਏਜੰਡਾ ਲਾਗੂ ਕਰਵਾਉਣ ਦੀ ਕੋਸ਼ਿਸ਼ ਕਰਨਗੇ। ਉਹਨਾਂ ਚੋਣਾਂ ਉਪਰੰਤ ਆਪਣੀ ਪਹਿਲੀ ਪ੍ਰੈਸ ਕਾਨਫਰੰਸ ਦੌਰਾਨ ਇਹ ਪ੍ਰਗਟਾਵਾ ਵੀ ਕੀਤਾ ਹੈ ਕਿ ਉਹ ਪਹਿਲਾਂ ਵਾਂਗ ਹੀ ਲੋਕਾਂ ਲਈ ਲੜਦੇ ਰਹਿਣਗੇ। ਬਹੁਮਤ ਵਾਲੀ ਸਰਕਾਰ ਦੇ ਬਹਾਨੇ ਮੱਧਕਾਲੀ ਚੋਣਾਂ ਕਰਵਾਉਣ ਤੇ ਸਥਿਤੀ ਜਿਉ ਦੀ ਤਿਉ ਰਹਿਣ ਵਾਸਤੇ ਟਰੂਡੋ ਕੋਲ ਕੋਈ ਜਵਾਬ ਨਹੀ ਹੈ। ਕੀ ਹੁਣ ਮੁੜ ਲੋਕਾਂ ਨੂੰ ਦੋ ਸਾਲ ਬਾਦ ਚੋਣਾਂ ਲਈ ਤਿਆਰ ਰਹਿਣਾ ਹੋਵੇਗਾ... ?

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਉਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਉਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

## ਬਲੌਕ ਨੇਤਾ ਵਲੋਂ ਟਰੂਡੋ ਨੂੰ ਪ੍ਰੀਮੀਅਰਾਂ ਨਾਲ ਸਿਹਤ ਤਬਦੀਲੀਆਂ 'ਤੇ ਚਰਚਾ ਕਰਨ ਦੀ ਅਪੀਲ

ਮਾਂਟਰੀਅਲ-ਬਲੌਕ ਕਿਊਬੇਕੋਇਸ ਦੇ ਨੇਤਾ ਯਵੇਸ ਫਰੈਂਕੋਇਸ ਬਲੈਨਚੇਟ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਸੱਦਾ ਦਿੱਤਾ ਹੈ ਕਿ ਉਹ ਫੈਡਰਲ ਸਿਹਤ ਤਬਦੀਲੀਆਂ 'ਤੇ ਚਰਚਾ ਕਰਨ ਲਈ ਆਪਣੇ ਪ੍ਰਾਂਤਿਕ ਤੇ ਟੈਰੀਟੋਰੀਅਲ ਹਮਰੁਤਬਾ ਦੀ ਮੀਟਿੰਗ ਬੁਲਾਉਣ। ਸੋਮਵਾਰ ਦੀਆਂ ਚੋਣਾਂ ਜਿਸ ਵਿਚ ਹਾਊਸ ਆਫ ਕਾਮਨਜ਼ ਵਿਚ ਸੀਟਾਂ ਦੀ ਵੰਡ ਦੇ ਮਾਮਲੇ ਵਿਚ ਕੋਈ ਤਬਦੀਲੀ ਨਹੀਂ ਆਈ ਪਿੱਛੋਂ ਪਹਿਲੀ ਪ੍ਰੈਸ ਕਾਨਫਰੰਸ ਵਿਚ ਬਲੌਕ ਨੇਤਾ ਨੇ ਕਿਹਾ ਕਿ ਪ੍ਰੀਮੀਅਰਸ ਨੇ ਓਟਵਾ ਤੋਂ ਉਨ੍ਹਾਂ ਦੇ ਸੰਘਰਸ਼ ਕਰ ਰਹੇ ਸਿਹਤ ਸੰਭਾਲ ਸਿਸਟਮਜ਼ ਲਈ 28 ਅਰਬ ਡਾਲਰ ਦੇਣ ਦੀ ਮੰਗ ਕੀਤੀ ਹੈ। ਬਲੈਨਚੇਟ ਨੇ ਕਿਹਾ ਕਿ ਉਨ੍ਹਾਂ ਨੇ ਚੋਣਾਂ ਪਿਛੋਂ ਕਿਊਬਕ ਦੇ ਪ੍ਰੀਮੀਅਰ ਫਰਾਂਕੋਇਸ ਲੇਗੌਲਟ ਅਤੇ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨਾਲ ਗੱਲਬਾਤ ਕੀਤੀ ਹੈ ਅਤੇ ਦੋਵਾਂ ਨੇ ਉਸ ਨੂੰ ਦੱਸਿਆ ਕਿ ਓਟਵਾ ਤੋਂ ਹੈਲਥ ਕੇਅਰ ਫੰਡਿੰਗ ਉਨ੍ਹਾਂ ਦੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਚੋਣ ਨਤੀਜੇ ਸੰਕੇਤ ਦਿੰਦੇ ਹਨ ਕਿ ਵੋਟਰ ਸੋਚਦੇ ਹਨ ਕਿ ਇਕ ਘੱਟ ਗਿਣਤੀ ਪਾਰਲੀਮੈਂਟ ਠੀਕ ਢੰਗ ਨਾਲ ਕੰਮ ਕਰ ਸਕਦੀ ਹੈ ਅਤੇ ਉਹ ਆਸ ਕਰ ਸਕਦੇ ਹਨ ਕਿ ਨੇਤਾ ਮਿਲ ਕੇ ਕੰਮ ਕਰਨਗੇ।

## ਜਨਤਕ ਹੈਲਥ ਐਮਰਜੈਂਸੀ ਦੌਰਾਨ ਅਲਬਰਟਾ ਦੇ ਕਾਰਨੀਵੈਲ ਤੇ ਤਿਉਹਾਰਾਂ ਦੀ ਇਜਾਜ਼ਤ

ਐਡਮਿੰਟਨ-ਹੁਣ ਜਦੋਂ ਸਿਹਤ ਕਾਮੇ ਕੋਵਿਡ-19 ਮਰੀਜ਼ਾਂ ਦੀ ਚੌਥੀ ਵੇਵ ਨਾਲ ਸੰਘਰਸ਼ ਕਰ ਰਹੇ ਹਨ ਤਾਂ ਦੂਸਰੇ ਅਲਬਰਟਾ ਵਾਸੀ ਹੈਲਥ ਅਧਿਕਾਰੀਆਂ ਦੀ ਮਨਜ਼ੂਰੀ ਅਤੇ ਯੂਸੀਪੀ ਸਰਕਾਰ ਦੀ ਪ੍ਰਵਾਨਗੀ ਨਾਲ ਵੀਕਐਂਡ ਵਿਚ ਕਾਰਨੀਵਲ ਤੇ ਤਿਉਹਾਰ ਮਨਾਉਣ ਜਾ ਰਹੇ ਹਨ। ਪ੍ਰੀਮੀਅਰ ਜੈਸਨ ਕੈਨੀ ਨੇ 15 ਸਤੰਬਰ ਜਨਤਕ ਸਿਹਤ ਐਮਰਜੈਂਸੀ ਦਾ ਐਲਾਨ ਕੀਤਾ ਸੀ ਕਿਉਂਕਿ ਆਈਸੀਯੂ ਵਿਚ ਮਰੀਜ਼ਾਂ ਦੀ ਗਿਣਤੀ ਰਿਕਾਰਡ ਪੱਧਰ 'ਤੇ ਪਹੁੰਚ ਗਈ ਸੀ। ਫਿਰ ਵੀ ਆਰਥਿਕਤਾ ਨੂੰ ਕਾਇਮ ਰੱਖਣ ਦੇ ਯਤਨ ਵਿਚ ਅਲਬਰਟਾ ਨੇ ਤਿਉਹਾਰਾਂ ਅਤੇ ਕਾਰਨੀਵਲ ਸਮੇਤ ਆਊਟਡੋਰ ਕਾਰੋਬਾਰ ਬਿਨ੍ਹਾਂ ਟੀਕਾ ਨਿਯਮਾਂ ਦੇ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਹੈ ਜਿਸ ਨਾਲ ਕਈ ਲੋਕ ਉਲਝਣ ਵਿਚ ਹਨ ਅਤੇ ਕੁਝ ਇਸ ਦੀ ਆਲੋਚਨਾ ਕਰ ਰਹੇ ਹਨ। ਸ਼ਹਿਰ ਵਾਸੀਆਂ ਦੀ ਚਿੰਤਾ ਦਾ ਜਵਾਬ ਦਿੰਦਿਆਂ ਸਲੇਵ ਲੇਕ ਦੇ ਮੇਅਰ ਨੇ ਸਪਸ਼ਟ ਕੀਤਾ ਕਿ ਇਸ ਹਫ਼ਤੇ ਉਸ ਦੇ ਸ਼ਹਿਰ ਵਿਚ ਕੀਤੇ ਜਾ ਰਹੇ ਕਾਰਨੀਵਲ ਬਾਰੇ ਕੁਝ ਨਹੀਂ ਕਹਿ ਸਕਦੇ ਕਿਉਂਕਿ ਇਹ ਨਿੱਜੀ ਜ਼ਮੀਨ 'ਤੇ ਹੋ ਰਿਹਾ ਹੈ। ਇਸ ਦੀ ਮਨਜ਼ੂਰੀ ਕੌਂਸਲ ਤੋਂ ਨਹੀਂ ਲਈ ਗਈ, ਮੇਰੀ ਸਮਝ ਮੁਤਾਬਿਕ ਉਨ੍ਹਾਂ ਨੇ ਏਐਚਐਸ ਤੋਂ ਪ੍ਰਵਾਨਗੀ ਲਈ ਹੈ ਅਤੇ ਇਸ ਸਮਾਗਮ 'ਤੇ ਨਿਗਰਾਨੀ ਤੇ ਨਿਯਮਾਂ ਨੂੰ ਲਾਗੂ ਕਰਵਾਉਣਾ ਏਐਚਐਸ ਦੀ ਜ਼ਿੰਮੇਵਾਰੀ ਹੈ।

# ਹੈਲਥ ਕੇਅਰ ਕਾਮਿਆਂ ਲਈ ਲਾਜ਼ਮੀ ਟੀਕਾਕਰਣ ਦੇ ਹੁਕਮ ਕਾਰਨ ਬੀਸੀ ਦੀਆਂ ਨਰਸਾਂ ਅਨਿਸ਼ਚਤਤਾ ਦੀ ਸਥਿਤੀ 'ਚ

ਵੈਨਕੂਵਰ-ਬ੍ਰਿਟਿਸ਼ ਕੋਲੰਬੀਆਂ ਦੀਆਂ ਸਭ ਤੋਂ ਵੱਡੀਆਂ ਹੈਲਥ ਯੂਨੀਅਨਾਂ ਵਿਚੋਂ ਇਕ ਜਿਹੜੀ ਹੈਲਥ ਕੇਅਰ ਸੈਕਟਰ ਵਿਚ ਲਾਜ਼ਮੀ ਕੋਵਿਡ-19 ਟੀਕਾਕਰਾਣ ਦੇ ਵਿਰੋਧ ਨੂੰ ਲੈ ਕੇ ਅੰਦਰੂਨੀ ਵਿਵਾਦ ਵਿਚ ਫਸੀ ਹੋਈ ਹੈ ਲੀਡਰਸ਼ਿਪ ਸੰਕਟ ਦਾ ਸਾਹਮਣਾ ਕਰ ਰਹੀ ਹੈ। 48000 ਮੈਂਬਰਾਂ ਵਾਲੀ ਬੀਸੀ ਨਰਸਿਜ਼ ਯੂਨੀਅਨ ਵਲੋਂ ਸੂਬੇ ਦੇ ਲਾਜ਼ਮੀ ਟੀਕਾ ਆਰਡਰ ਖਿਲਾਫ ਸਾਹਮਣੇ ਆਉਣ ਤੋਂ ਕੁਝ ਦਿਨਾਂ ਬਾਅਦ ਯੂਨੀਅਨ ਨੇ ਅਚਨਚੇਤ ਆਪਣੇ ਉੱਚ ਅਹੁਦੇਦਾਰ ਦੇ ਹਟਣ ਦਾ ਐਲਾਨ ਕਰ ਦਿੱਤਾ। ਯੂਨੀਅਨ ਦੀ ਵੈੱਬਸਾਈਟ ਨੇ ਸੋਮਵਾਰ ਐਲਾਨ ਕੀਤਾ ਕਿ ਕ੍ਰਿਸਟੀਨ ਸੋਰੇਨਸੇਨ ਨੇ ਬੀਸੀਐਨਯੂ ਦੀ ਪ੍ਰਧਾਨਗੀ ਤੋਂ ਨਿੱਜੀ ਕਾਰਨਾਂ ਤੇ ਦੂਸਰੇ ਮੌਕਿਆਂ ਦੀ ਪੈਰਵੀ ਲਈ ਅਸਤੀਫਾ ਦੇ ਦਿੱਤਾ ਹੈ। ਸਕੋਰਨਸੇਨ ਪਿਛਲੇ ਹਫ਼ਤੇ 'ਤੋਂ ਜਨਤਕ ਤੌਰ 'ਤੇ ਨਹੀਂ ਦੇਖੀ ਗਈ ਜਦਕਿ ਯੂਨੀਅਨ ਸੂਬੇ ਦੇ ਲਾਜ਼ਮੀ ਟੀਕਾ ਹੁਕਮ ਜਿਹੜਾ 26 ਅਕਤੂਬਰ ਨੂੰ ਪ੍ਰਭਾਵੀ ਹੋਵੇਗਾ ਖਿਲਾਫ ਲੜਾਈ ਲੜ ਰਹੀ ਹੈ। 13 ਸਤੰਬਰ ਨੂੰ ਯੂਨੀਅਨ ਨੇ ਇਕ ਬਿਆਨ ਵਿਚ ਕਿਹਾ ਕਿ ਅਸੀਂ ਇਸ ਤਰ੍ਹਾਂ ਦੇ ਕਿਸੇ ਹੁਕਮ ਦਾ ਸਮਰਥਨ ਨਹੀਂ ਕਰਦੇ ਜਿਹੜਾ ਇਕ ਵੀ ਨਰਸ ਜਾਂ ਦੂਸਰੇ ਸਿਹਤ ਕੇਅਰ ਵਰਕਰ ਨੂੰ ਗੰਭੀਰ ਸੰਕਟ ਦੇ ਸਮੇਂ ਹੈਲਥ ਕੇਅਰ ਸਿਸਟਮ ਤੋਂ ਹਟਾਉਂਦਾ ਹੋਵੇਗਾ। ਬਿਆਨ ਵਿਚ ਮਿਸ ਸੋਰੇਨਸੇਨ ਦਾ ਹਵਾਲਾ ਨਹੀਂ ਦਿੱਤਾ ਗਿਆ ਤੇ ਨਾ ਹੀ ਮੀਡੀਆ ਬੇਨਤੀਆਂ ਦਾ ਜਵਾਬ ਦਿੱਤਾ ਗਿਆ।

## ਲਿਬਰਲ ਰੈਂਡੀ ਐਡਮਿੰਟਨ ਸੈਂਟਰਲ ਤੋਂ ਜੇਤੂ ਰਹੇ

ਐਡਮਿੰਟਨ-ਲਿਬਰਲ ਉਮੀਦਵਾਰ ਰੈਂਡੀ ਬੋਇਸੋਨਾਲਟ ਨੂੰ ਐਡਮਿੰਟਨ ਸੈਂਟਰਲ ਤੋਂ ਜੇਤੂ ਐਲਾਨਿਆ ਗਿਆ ਹੈ। ਉਸ ਨੇ ਕੰਸਰਵੇਟਿਵ ਦੇ ਵਰਤਮਾਨ ਐਮਪੀ ਜੇਮਸ ਕੁਮਿੰਗ ਨੂੰ 577 ਵੋਟਾਂ ਦੇ ਫਰਕ ਨਾਲ ਹਰਾਇਆ ਜਦਕਿ ਐਨਡੀਪੀ ਦਾ ਹੀਥਰ ਮਕੈਂਜ਼ੀ ਤੀਸਰੇ ਸਥਾਨ 'ਤੇ ਰਿਹਾ ਹੈ। ਇਕ ਪ੍ਰੈਸ ਕਾਨਫਰੰਸ ਵਿਚ ਬੋਇਸੋਨਾਲਟ ਨੇ ਕਿਹਾ ਕਿ ਉਹ ਐਡਮਿੰਟਨ ਵਾਸੀਆਂ ਲਈ ਨਤੀਜੇ ਦੇਣ ਦੀ ਇਕ ਉਤਸ਼ਾਹੀ ਯੋਜਨਾ ਨਾਲ ਦੇਸ਼ ਭਰ ਦੇ ਲਿਬਰਲ ਸਾਥੀਆਂ ਵਿਚ ਸ਼ਾਮਿਲ ਹੋਣ ਦੀ ਬੇਸਬਰੀ ਨਾਲ ਉਡੀਕ ਕਰ ਰਿਹਾ ਹਾਂ। ਲਿਬਰਲ ਉਮੀਦਵਾਰ ਨੇ ਕਿਹਾ ਕਿ ਉਹ ਸਾਥੀ ਲਿਬਰਲ ਜੌਰਜ ਚਾਹਲ ਨਾਲ ਕੰਮ ਕਰਨ ਦੀ ਆਸ ਕਰ ਰਿਹਾ ਹੈ ਜਿਸ ਨੇ ਕੈਲਗਰੀ ਸਕਾਈਵਿਊ ਹਲਕੇ ਤੋਂ ਜਿੱਤ ਹਾਸਲ ਕੀਤੀ ਹੈ।

## ਘਰ ਨੂੰ ਲੱਗੀ ਵਿਚ ਸਭ ਕੁਝ ਗੁਆਉਣ ਵਾਲੀ ਔਰਤ ਦੀ 5 ਲੱਖ ਡਾਲਰ ਦੀ ਲਾਟਰੀ ਨਿਕਲੀ

ਸਰੀ-ਸਰੀ ਦੀ ਇਕ ਔਰਤ ਨੇ 26 ਅਗਸਤ ਨੂੰ ਕੱਢੇ ਗਏ ਡਰਾਅ ਵਿਚ ਬੀਸੀ ਦਾ ਡੇਲੀ ਗਰੈਂਡ ਲਾਟਰੀ ਖੇਡਦੇ ਹੋਏ ਪੰਜ ਲੱਖ ਡਾਲਰ ਜਿੱਤੇ ਹਨ। ਬੀਸੀਐਲਸੀ ਨਿਊਜ਼ ਰਿਲੀਜ਼ ਮੁਤਾਬਿਕ ਟੌਫ ਦੀ ਵੱਡੀ ਜਿੱਤ ਸਮੇਂ ਸਿਰ ਹੋਈ ਹੈ ਕਿਉਂਕਿ ਉਨ੍ਹਾਂ ਦੇ ਪਰਿਵਾਰ ਨੇ ਆਪਣੇ ਘਰ ਵਿਚ ਲੱਗੀ ਅੱਗ 'ਚ ਸਭ ਕੁਝ ਗੁਆ ਦਿੱਤਾ ਸੀ। ਟੌਫ ਨੇ ਕਿਹਾ ਕਿ ਸਾਡੇ ਘਰ ਵਿਚ ਜੋ ਕੁਝ ਨਸ਼ਟ ਹੋਇਆ ਉਹ ਸਭ ਕੁਝ ਸਾਨੂੰ ਮਿਲ ਗਿਆ ਹੈ। ਸਾਨੂੰ ਲਗਦਾ ਸੀ ਕਿ ਸਾਨੂੰ ਆਪਣੀ ਜਿੰਦਗੀ ਮੁੜ ਸ਼ੁਰੂ ਕਰਨੀ ਪਵੇਗੀ। ਟੌਫ ਨੇ ਆਪਣੀ ਜੇਤੂ ਟਿਕਟ ਨਿਊ ਵੈਸਟਮਿਨਸਟਰ ਵਿਚ ਵਾਲਮਾਰਟ ਸਟੋਰ ਤੋਂ ਖਰੀਦੀ ਸੀ। ਮੇਰੇ ਪਤੀ ਨੇ ਕਿਹਾ ਕਿ ਇਸ ਨਾਲ ਸਾਡੀ ਜਿੰਦਗੀ ਦਾ ਨਵਾਂ ਚੈਪਟਰ ਸ਼ੁਰੂ ਹੋਵੇਗਾ ਅਤੇ ਸ਼ੁਰੂਆਤ ਵਿਚ ਇਹ ਸਾਡੀ ਮਦਦ ਕਰੇਗੀ।

UNI GLOBAL IMMIGRATION
CONSULTING SERVICES LTD.
*Your Dream......Our Passion*
**For All Your Immigration Related Needs**
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
rcic · cric
#12387 - 75 Ave., Surrey BC V3W 2S7
Email: contactuniglobal@gmail.com

WE HAVE MOVED TO BIGGER & BETTER LOCATION
#208-7110-120TH ST, SURREY


Amandeep Singh
Justin Thind

ICBC
NO WIN NO FEE
WE DO HOME & HOSPITAL VISITS
*Your Lawyers, Because We Care*
- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS
#208 7110 120TH ST,
SURREY, BC V3W 3M8
Tel: 604.543.3886
Toll Free 1.866.543.3886
WWW.SINGHTHINDLAW.COM

# ਮੁੱਖ ਮੰਤਰੀ ਚੰਨੀ ਨੇ ਦਰਬਾਰ ਸਾਹਿਬ ਮੱਥਾ ਟੇਕਿਆ

## ਬੇਅਦਬੀ ਮਾਮਲੇ ਤੇ ਨਿਆਂ ਦਿਵਾਉਣ ਤੇ ਭਾਈਚਾਰਕ ਸਾਂਝ ਮਜ਼ਬੂਤ ਕਰਨ ਦਾ ਅਹਿਦ

ਅੰਮ੍ਰਿਤਸਰ-ਪੰਜਾਬ ਦੇ ਨਵੇਂ ਬਣੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਥੇ ਆਖਿਆ ਕਿ ਸੂਬੇ ਵਿਚ ਰਾਜ ਧਰਮ ਦੇ ਅਨੁਸਾਰ ਚਲਾਇਆ ਜਾਵੇਗਾ, ਜਿਥੇ ਹਰੇਕ ਧਰਮ ਅਤੇ ਵਰਣ ਨੂੰ ਪੂਰਾ ਸਤਿਕਾਰ ਦਿੱਤਾ ਜਾਵੇਗਾ। ਉਨ੍ਹਾਂ ਆਖਿਆ ਕਿ ਬੇਅਦਬੀ ਮਾਮਲੇ ਵਿਚ ਸਿੱਖ ਭਾਈਚਾਰੇ ਨੂੰ ਇਨਸਾਫ਼ ਦਿਵਾਇਆ ਜਾਵੇਗਾ। ਸ੍ਰੀ ਚੰਨੀ ਨੇ ਇਥੇ ਸ੍ਰੀ ਹਰਿਮੰਦਰ ਸਾਹਿਬ 'ਚ ਮੱਥਾ ਟੇਕਿਆ ਅਤੇ ਆਸ਼ੀਰਵਾਦ ਲਿਆ। ਉਨ੍ਹਾਂ ਨਾਲ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੇ ਓ ਪੀ ਸੋਨੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੀ ਗੁਰੂਘਰ ਨਤਮਸਤਕ ਹੋਏ। ਮੀਡੀਆ ਨਾਲ ਸੰਖੇਪ ਗੱਲਬਾਤ ਦੌਰਾਨ ਸ੍ਰੀ ਚੰਨੀ ਨੇ ਆਖਿਆ ਕਿ ਸੂਬੇ ਵਿਚ ਲੋਕਾਂ ਵਿਚ ਆਪਸੀ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ ਅਤੇ ਇਸ ਨੂੰ ਕਾਇਮ ਰੱਖਿਆ ਜਾਵੇਗਾ। ਸੂਬਾ ਸਰਕਾਰ ਹਰ ਧਰਮ ਅਤੇ ਵਰਣਾਂ ਦੇ ਲੋਕਾਂ ਨੂੰ ਪੂਰਾ ਮਾਣ-ਸਨਮਾਨ ਦੇਵੇਗੀ। ਉਨ੍ਹਾਂ ਕਿਹਾ ਕਿ ਬੇਅਦਬੀ ਮਾਮਲੇ ਵਿਚ ਪੰਥ ਨੂੰ ਨਿਆਂ ਦਿਵਾਇਆ ਜਾਵੇਗਾ। ਇਸ ਮੌਕੇ ਨਵਜੋਤ ਸਿੰਘ ਸਿੱਧੂ ਨੇ ਆਖਿਆ ਕਿ ਪਿਛਲੇ ਸਮੇਂ ਦੌਰਾਨ ਰਾਜਨੀਤੀ ਮੁੱਦਿਆਂ ਤੋਂ ਭਟਕ ਗਈ ਸੀ ਪਰ ਨਵੇਂ ਮੁੱਖ ਮੰਤਰੀ ਇਸ ਨੂੰ ਲੀਹ 'ਤੇ ਲੈ ਆਏ ਹਨ। ਉਨ੍ਹਾਂ ਕਿਹਾ,"ਜੇਕਰ ਅਸੀਂ ਲੋਕ ਮਸਲਿਆਂ ਦਾ ਹੱਲ ਨਹੀਂ ਕਰ ਸਕਦੇ ਹਾਂ ਤਾਂ ਫਿਰ ਅਸੀਂ ਸੱਚੇ ਸਿੱਖ ਨਹੀਂ ਹਾਂ। ਧਰਮ ਦਾ ਮਤਲਬ ਭੁੱਖਿਆਂ ਨੂੰ ਰਜਾਉਣਾ ਅਤੇ ਉਜੜਿਆਂ ਨੂੰ ਵਸਾਉਣਾ ਹੈ। ਪੰਜਾਬ ਅਤੇ ਸਮਾਜ ਦੀ ਤਰੱਕੀ ਦੇ ਰਾਹ ਵਿਚ ਆ ਰਹੇ ਹਰ ਅੜਿੱਕੇ ਨੂੰ ਖ਼ਤਮ ਕੀਤਾ ਜਾਵੇਗਾ।" ਸਿੱਧੂ ਨੇ ਸ੍ਰੀ ਚੰਨੀ ਨੂੰ ਨਿਮਾਣਾ ਅਤੇ ਉੱਚੀ ਮੱਤ ਵਾਲਾ ਸਿੱਖ ਆਖਦਿਆਂ ਕਿਹਾ ਕਿ ਉਹ ਪਿਛਲੇ ਦੋ ਦਿਨਾਂ ਤੋਂ ਉਨ੍ਹਾਂ ਦੇ ਨਾਲ ਹਨ ਅਤੇ ਖੁਸ਼ੀ ਮਹਿਸੂਸ ਕਰ ਰਹੇ ਹਨ ਜਿਹੜੀ ਉਨ੍ਹਾਂ ਨੂੰ ਆਪਣੇ 17 ਸਾਲ ਦੇ ਸਿਆਸੀ ਸਫਰ ਵਿਚ ਪਹਿਲਾਂ ਕਦੇ ਮਹਿਸੂਸ ਨਹੀਂ ਕੀਤੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਹੁਣ ਨਿਰਭੈ ਅਤੇ ਨਿਧੜਕ ਹੋ ਕੇ ਲੋਕਾਂ ਦੀ ਸੇਵਾ ਕਰ ਸਕਦੀ ਹੈ। 'ਹੱਕ-ਸੱਚ ਦੀ ਲੜਾਈ ਵਿਚ ਹਰ ਕਾਂਗਰਸੀ ਸ਼ਾਮਲ ਹੋਵੇਗਾ ਅਤੇ ਇਨਸਾਫ਼ ਲੋਕਾਂ ਦੀ ਅਦਾਲਤ ਵਿਚ ਹੋਵੇਗਾ।' ਇਸ ਤੋਂ ਪਹਿਲਾਂ ਮੁੱਖ ਮੰਤਰੀ ਅਤੇ ਹੋਰ ਆਗੂਆਂ ਨੇ ਤੜਕੇ ਹੀ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵੇਲੇ ਬੀੜ ਨੂੰ ਸੁਖ ਆਸਣ ਵਾਲੇ ਸਥਾਨ ਤੋਂ ਲਿਆਉਣ ਸਮੇਂ ਪਾਲਕੀ ਨੂੰ ਮੋਢਾ ਦਿੱਤਾ। ਉਨ੍ਹਾਂ ਕੁਝ ਸਮਾਂ ਗੁਰਬਾਣੀ-ਕੀਰਤਨ ਵੀ ਸਰਵਣ ਕੀਤਾ। ਮਗਰੋਂ ਸੂਚਨਾ ਕੇਂਦਰ ਵਿਚ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵਲੋਂ ਸਨਮਾਨਿਤ ਵੀ ਕੀਤਾ ਗਿਆ।



## ਕਾਂਗਰਸ ਵਲੋਂ ਕੈਪਟਨ ਦੀ ਨਾਰਾਜ਼ਗੀ ਦਰਕਿਨਾਰ

ਨਵੀਂ ਦਿੱਲੀ-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਨਾਰਾਜ਼ਗੀ ਨੂੰ ਦਰਕਿਨਾਰ ਕਰਦਿਆਂ ਕਾਂਗਰਸ ਨੇ ਕਿਹਾ ਹੈ ਕਿ ਜੇਕਰ ਕੋਈ ਪਾਰਟੀ ਛੱਡਣਾ ਚਾਹੁੰਦਾ ਹੈ ਤਾਂ ਉਹ ਇਸ ਬਾਰੇ ਕੀ ਕਹਿ ਸਕਦੀ ਹੈ। ਕਾਂਗਰਸ ਨੇ ਕੈਪਟਨ ਦੇ ਬੀਤੇ ਦਿਨ ਦਿੱਤੇ ਬਿਆਨ 'ਤੇ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਰਾਜਨੀਤੀ ਵਿੱਚ ਗੁੱਸੇ, ਈਰਖਾ, ਨਿੱਜੀ ਟਿੱਪਣੀਆਂ ਜਾਂ ਬਦਲੇ ਦੀ ਭਾਵਨਾ ਲਈ ਕੋਈ ਥਾਂ ਨਹੀਂ ਹੈ। ਸਾਬਕਾ ਮੁੱਖ ਮੰਤਰੀ ਨੇ ਕਿਹਾ ਸੀ ਕਿ ਉਹ ਨਵਜੋਤ ਸਿੰਘ ਸਿੱਧੂ ਨੂੰ ਕਿਸੇ ਵੀ ਕੀਮਤ 'ਤੇ ਪੰਜਾਬ ਦਾ ਮੁੱਖ ਮੰਤਰੀ ਨਹੀਂ ਬਣਨ ਦੇਣਗੇ ਤੇ ਉਨ੍ਹਾਂ ਖ਼ਿਲਾਫ਼ ਮਜ਼ਬੂਤ ਉਮੀਦਵਾਰ ਖੜ੍ਹਾ ਕਰਨਗੇ। ਇਸ ਦੇ ਨਾਲ ਉਨ੍ਹਾਂ ਕਿਹਾ ਸੀ ਕਿ ਰਾਹੁਲ ਤੇ ਪ੍ਰਿਯੰਕਾ ਗਾਂਧੀ ਹਾਲੇ ਨਾਤਜਰਬੇਕਾਰ ਹਨ। ਪ੍ਰਿਯੰਕਾ ਵਾਡਰਾ ਦੀ ਕਰੀਬੀ ਤੇ ਕਾਂਗਰਸ ਦੀ ਤਰਜਮਾਨ ਸੁਪ੍ਰਿਆ ਸ੍ਰੀਨੇਤ ਨੇ ਕਿਹਾ ਹੈ ਕਿ ਕੈਪਟਨ ਕੁੱਝ ਕਰਨ ਤੋਂ ਪਹਿਲਾਂ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਕਿ ਕਾਂਗਰਸ ਨੇ ਉਨ੍ਹਾਂ ਨੂੰ ਸਾਢੇ 9 ਸਾਲਾਂ ਲਈ ਮੁੱਖ ਮੰਤਰੀ ਬਣਾਇਆ। ਉਨ੍ਹਾਂ ਕਿਹਾ ਕਿ ਕਾਂਗਰਸ ਵਿਚਾਰਧਾਰਕ ਲੜਾਈ ਲੜ ਰਹੀ ਹੈ ਅਤੇ ਉਨ੍ਹਾਂ ਨਾਲ ਖੜ੍ਹੀ ਰਹੇਗੀ ਜੋ ਇਸ ਤਰ੍ਹਾਂ ਲੜਨਾ ਚਾਹੁੰਦੇ ਹਨ। ਜੇ ਉਹ ਪਾਰਟੀ ਛੱਡਣਾ ਚਾਹੁੰਦਾ ਹੈ ਤਾਂ ਉਹ ਇਸ ਬਾਰੇ ਕੁੱਝ ਨਹੀਂ ਕਹਿ ਸਕਦੀ।

## ਕੈਪਟਨ ਵੱਲੋਂ ਨਵਜੋਤ ਸਿੱਧੂ ਦੀ ਖ਼ਿਲਾਫ਼ਤ ਦਾ ਬਿਗਲ

[ਸਫ਼ਾ 3 ਦੀ ਬਾਕੀ]

ਦੇਸ਼ ਨੂੰ ਸਿੱਧੂ ਤੋਂ ਬਚਾਉਣ ਲਈ ਹਰ ਕੁਰਬਾਨੀ ਦੇਣ ਨੂੰ ਤਿਆਰ ਹਨ। ਉਨ੍ਹਾਂ ਸਿੱਧੂ ਨੂੰ ਦੇਸ਼ ਲਈ ਖ਼ਤਰਾ ਦੱਸਿਆ। ਕੈਪਟਨ ਨੇ ਦਾਅਵਾ ਕੀਤਾ ਕਿ ਉਹ ਅਗਾਮੀ ਚੋਣਾਂ ਵਿਚ ਨਵਜੋਤ ਸਿੱਧੂ ਖ਼ਿਲਾਫ਼ ਮਜ਼ਬੂਤ ਉਮੀਦਵਾਰ ਖੜ੍ਹਾ ਕਰਨਗੇ। ਬੇਅਦਬੀ ਤੇ ਨਸ਼ੀਲੇ ਪਦਾਰਥਾਂ ਦੇ ਮਾਮਲੇ ਵਿੱਚ ਬਾਦਲਾਂ ਤੇ ਮਜੀਠੀਆ ਖ਼ਿਲਾਫ਼ ਕਾਰਵਾਈ ਨਹੀਂ ਕਰ ਰਹੇ ਹੋਣ ਦੀਆਂ ਸ਼ਿਕਾਇਤਾਂ ਦੇ ਹਵਾਲੇ ਨਾਲ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਉਹ ਕਾਨੂੰਨ ਨੂੰ ਆਪਣਾ ਰਾਹ ਅਖ਼ਤਿਆਰ ਕਰਨ ਦੇਣ ਵਿੱਚ ਯਕੀਨ ਰੱਖਦੇ ਹਨ, ਪਰ ਜਿਹੜੇ ਲੋਕ ਇਹ ਸ਼ਿਕਾਇਤਾਂ ਕਰ ਰਹੇ ਸਨ, ਹੁਣ ਉਹ ਸੱਤਾ ਵਿੱਚ ਹਨ। ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਭਵਿੱਖੀ ਰਣਨੀਤੀ ਘੜਨ ਲਈ ਆਪਣੇ ਨੇੜਲਿਆਂ ਨਾਲ ਸਲਾਹ ਮਸ਼ਵਰਾ ਸ਼ੁਰੂ ਕਰ ਦਿੱਤਾ ਹੈ। ਕੈਪਟਨ ਨੇ ਸਾਫ਼ ਕਰ ਦਿੱਤਾ ਕਿ ਉਨ੍ਹਾਂ ਉਮਰ ਨੂੰ ਕਦੇ ਵੀ ਰੁਕਾਵਟ ਵਜੋਂ ਨਹੀਂ ਦੇਖਿਆ। ਅਮਰਿੰਦਰ ਨੇ ਅਸਤੀਫ਼ਾ ਦੇਣ ਦੀ ਗੱਲ 'ਤੇ ਕਿਹਾ ਕਿ ਜੇਕਰ ਸੋਨੀਆ ਗਾਂਧੀ ਬੁਲਾ ਕੇ ਉਨ੍ਹਾਂ ਨੂੰ ਆਖ ਦਿੰਦੇ ਤਾਂ ਉਨ੍ਹਾਂ ਨੇ ਉਸੇ ਵੇਲੇ ਅਹੁਦਾ ਛੱਡ ਦੇਣਾ ਸੀ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਤੇ ਪ੍ਰਿਯੰਕਾ ਉਨ੍ਹਾਂ ਦੇ ਬੱਚਿਆਂ ਵਾਂਗ ਹਨ, ਪਰ ਨਾਲ ਇਹ ਵੀ ਆਖ ਦਿੱਤਾ ਕਿ ਗਾਂਧੀ ਪਰਿਵਾਰ ਦੇ ਫਰਜ਼ੰਦ ਗੈਰ-ਤਜਰਬੇਕਾਰ ਹਨ ਅਤੇ ਉਨ੍ਹਾਂ ਦੇ ਸਲਾਹਕਾਰ ਸਪੱਸ਼ਟ ਤੌਰ 'ਤੇ ਉਨ੍ਹਾਂ ਨੂੰ ਗੁੰਮਰਾਹ ਕਰ ਰਹੇ ਹਨ।

## ਵਿਵਾਦ ਦੇ ਬਾਵਜੂਦ ਸਾਬਕਾ ਲਿਬਰਲ ਉਮੀਦਵਾਰ ਵੌਂਗ ਓਟਵਾ ਵਿਚ ਹਲਕੇ ਦੀ ਪ੍ਰਤੀਨਿਧਤਾ ਕਰੇਗਾ

ਟੋਰਾਂਟੋ-ਸਪੈਂਡਿਨਾ-ਫੋਰਟ ਤੋਂ ਚੁਣੇ ਗਏ ਸਾਬਕਾ ਲਿਬਰਲ ਉਮੀਦਵਾਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਜਿਣਸੀ ਹਮਲੇ ਦੇ ਪਿਛਲੇ ਦੋਸ਼ ਸਾਹਮਣੇ ਆਉਣ ਪਿੱਛੋਂ ਉਸ ਨੂੰ ਅਹੁਦੇ ਤੋਂ ਹਟਣ ਦੇ ਦਿੱਤੇ ਜਾ ਰਹੇ ਸੱਦੇ ਦੀ ਬਾਵਜੂਦ ਉਹ ਓਟਵਾ ਵਿਚ ਹਲਕੇ ਦੀ ਪ੍ਰਤੀਨਿਧਤਾ ਕਰਨ ਦਾ ਇਰਾਦਾ ਰੱਖਦਾ ਹੈ। ਜਾਰੀ ਇਕ ਬਿਆਨ ਵਿਚ ਕੇਵਿਨ ਵੌਂਗ ਨੇ ਸਵੀਕਾਰ ਕੀਤਾ ਕਿ ਉਸ ਦੇ ਚੁਣੇ ਜਾਣ ਤੋਂ ਹਰ ਕੋਈ ਖੁਸ਼ ਨਹੀਂ। ਸੋਮਵਾਰ ਸਮੁੱਚੇ ਦੇਸ਼ ਵਿਚ ਕੈਨੇਡੀਅਨਾਂ ਨੇ ਵੋਟਾਂ ਪਾਈਆਂ ਹਨ, ਹਰ ਇਕ ਨੂੰ ਉਸ ਤਰ੍ਹਾਂ ਦੇ ਨਤੀਜੇ ਪ੍ਰਾਪਤ ਨਹੀਂ ਹੋਏ ਜਿਸ ਤਰ੍ਹਾਂ ਦੇ ਉਹ ਚਾਹੁੰਦੇ ਸਨ ਪਰ ਹਰ ਕੋਈ ਉਨ੍ਹਾਂ 'ਤੇ ਭਰੋਸਾ ਕਰ ਰਿਹਾ ਹੈ ਜਿਹੜੇ ਹਰ ਇਕ ਦੀ ਸੇਵਾ 'ਚ ਆਪਣੇ ਆਪ ਨੂੰ ਸਮਰਪਿਤ ਕਰਨ ਲਈ ਚੁਣੇ ਗਏ ਹਨ। ਉਸ ਨੇ ਲਿਖਿਆ ਕਿ ਉਹ ਵੀ ਅਜਿਹਾ ਕਰਨਾ ਚਾਹੁੰਦਾ ਹੈ। ਉਹ ਇਸ ਗੱਲ ਦੀ ਕਦਰ ਕਰਦਾ ਹੈ ਕਿ ਮੇਰੀ ਚੋਣ ਤੋਂ ਹਰ ਕੋਈ ਖੁਸ਼ ਨਹੀਂ ਅਤੇ ਉਸ ਨੂੰ ਪਤਾ ਹੈ ਕਿ ਉਸ ਦਾ ਮਾਮਲਾ ਵੱਖਰਾ ਕਿਉਂ ਹੈ। ਚੋਣ ਤੋਂ ਕੁਝ ਦਿਨ ਪਹਿਲਾਂ ਟੋਰਾਂਟੋ ਸਟਾਰ ਨੇ ਖੁਲਾਸਾ ਕੀਤਾ ਕਿ ਵੌਂਗ ਜਿਹੜਾ ਜਲ ਸੈਨਾ ਰਿਜਰਵਿਸਟ ਹੈ ਤੇ ਕਾਰੋਬਾਰੀ ਮਾਲਕ ਹੈ ਨੇ 2019 ਵਿਚ ਜਿਣਸੀ ਹਮਲੇ ਦੇ ਦੋਸ਼ਾਂ ਦਾ ਸਾਹਮਣਾ ਕੀਤਾ ਸੀ ਜਿਸ ਨੂੰ ਬਾਅਦ ਵਿਚ ਕਰਾਊਨ ਨੇ ਖਤਮ ਕਰ ਦਿੱਤਾ ਸੀ।

## ਹਸਪਤਾਲਾਂ ਵਿਚ ਕੋਵਿਡ-19 ਸੰਕਟ ਦਰਮਿਆਨ ਨੇ ਅਲਬਰਟਾ ਨੇ ਸਿਹਤ ਮੰਤਰੀ ਬਦਲਿਆ

ਐਡਮਿੰਟਨ-ਅਲਬਰਟਾ ਦੇ ਪ੍ਰੀਮੀਅਰ ਜੈਸਨ ਕੈਨੀ ਨੇ ਆਪਣਾ ਸਿਹਤ ਮੰਤਰੀ ਬਦਲ ਦਿੱਤਾ ਹੈ ਕਿਉਂਕਿ ਸੂਬੇ ਵਿਚ ਹਸਪਤਾਲ ਕੋਵਿਡ-19 ਦੇ ਮਰੀਜ਼ਾਂ ਨਾਲ ਭਰੇ ਹੋਏ ਹਨ ਅਤੇ ਉਹ ਮਹਾਂਮਾਰੀ ਨਾਲ ਨਜਿੱਠਣ ਨੂੰ ਲੈ ਕੇ ਆਪਣੀ ਪਾਰਟੀ ਦੇ ਅੰਦਰ ਵਧ ਰਹੇ ਗੁੱਸੇ ਦਾ ਸਾਹਮਣਾ ਕਰ ਰਿਹਾ ਹੈ। ਜੈਸਨ ਕੋਪਿੰਗ ਨੂੰ ਮੰਗਲਵਾਰ ਬਾਅਦ ਦੁਪਹਿਰ ਸਿਹਤ ਮੰਤਰੀ ਵਜੋਂ ਸਹੁੰ ਚੁਕਾਈ ਗਈ। ਉਨ੍ਹਾਂ ਨੇ ਟਾਈਲਰ ਸ਼ੈਂਡਰੋ ਦਾ ਥਾਂ ਲਈ ਹੈ ਜਿਹੜੇ ਅਲਬਰਟਾ ਪ੍ਰੀਮੀਅਰ ਦੇ ਨਾਲ ਮਹਾਂਮਾਰੀ ਦੇ ਨਾਲ ਮੁੱਖ ਰਾਜਸੀ ਬੁਲਾਰੇ ਸਨ। ਸ਼ੈਂਡਰੋ ਹੁਣ ਕੋਪਿੰਗ ਤੋਂ ਲੇਬਰ ਤੇ ਇਮੀਗ੍ਰੇਸ਼ਨ ਮੰਤਰੀ ਦਾ ਚਾਰਜ ਲੈਣਗੇ। ਬਾਅਦ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰੀਮੀਅਰ ਨੇ ਇਸ ਤਬਦੀਲੀ ਬਾਰੇ ਛੋਟਾ ਜਿਹਾ ਸਪਸ਼ਟੀਕਰਨ ਦਿੱਤਾ ਹੈ। ਕੈਨੀ ਨੇ ਸ਼ੈਂਡਰੋ ਦੇ ਕੰਮ ਦੀ ਨੈਤਿਕਤਾ ਦੀ ਸ਼ਲਾਘਾ ਕੀਤੀ ਪਰ ਕਿਹਾ ਕਿ ਇਹ ਨਵੀਂ ਸ਼ੁਰੂਆਤ ਦਾ ਸਮਾਂ ਹੈ ਅਤੇ ਸਰਕਾਰ ਵਿਚ ਸਭ ਤੋਂ ਵੱਡੇ ਵਿਭਾਗ 'ਤੇ ਵਿਸ਼ੇਸ਼ ਰੂਪ ਵਿਚ ਇਸ ਤਰ੍ਹਾਂ ਦੇ ਸਮੇਂ ਨਜ਼ਰ ਰੱਖਣ ਲਈ ਇਕ ਨਵੇਂ ਸਮੂਹ ਦੀ ਲੋੜ ਹੈ। ਸੂਬੇ ਦੇ ਹਸਪਤਾਲ ਸਮਰਥਾ ਦੇ ਵੱਡੇ ਸੰਕਟ ਦਾ ਸਾਹਮਣਾ ਕਰ ਰਹੇ ਹਨ। ਮੌਜੂਦਾ ਸਮੇਂ ਕੋਵਿਡ-19 ਦੇ 222 ਮਰੀਜ਼ ਆਈਸੀਯੂ ਵਿਚ ਹਨ ਤੇ ਗੈਰਜ਼ਰੂਰੀ ਆਪਰੇਸ਼ਨ ਅੱਗੇ ਪਾ ਦਿੱਤਾ ਗਏ ਹਨ ਅਤੇ ਫਰੰਟ ਲਾਈਨ ਵਰਕਰ ਇਹ ਨਿਰਧਾਰਤ ਕਰਨ ਲਈ ਟ੍ਰਾਈਏਜ ਪ੍ਰੋਟੋਕੋਲ ਦੀ ਤਿਆਰੀ ਕਰ ਰਹੇ ਹਨ ਕਿਹੜੇ ਮਰੀਜ਼ ਸਭ ਤੋਂ ਉੱਚ ਪੱਧਰ ਦੀ ਦੇਖਭਾਲ ਲਈ ਯੋਗ ਹਨ।


idea immigration

SUPER VISAS & PNPs

ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ

iccrc crcic



CANADA IMMIGRATION

- Specialist in marriage appeals & residency appeals
- Under express entry program applicant can come to Canada within 6 month. For assessments you can visit or call.
- Immigration under investment programme

- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
- 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
- ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ

ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ

ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।

ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।

Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com



OASIS WINDOWS clearly better windows

OASIS WINDOWS INC.

* Quality Products * Superior Service.

Attractive, Energy Efficient And Quality Windows For Your Dream Home Or Housing Projects Or For Renovation

ENERGY STAR — MEMBER BBB BC Mainland

• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES



Lifetime Limited Warranty

"We are not satisfied until you are"

Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

# ਅਨਿਰੁਧ ਤਿਵਾੜੀ ਨੇ ਪੰਜਾਬ ਦੇ ਮੁੱਖ ਸਕੱਤਰ ਵਜੋਂ ਅਹੁਦਾ ਸੰਭਾਲਿਆ

ਚੰਡੀਗੜ-1990 ਬੈਚ ਦੇ ਆਈ.ਏ.ਐਸ. ਅਧਿਕਾਰੀ ਅਨਿਰੁੱਧ ਤਿਵਾੜੀ ਨੇ ਅੱਜ ਪੰਜਾਬ ਦੇ ਮੁੱਖ ਸਕੱਤਰ ਵਜੋਂ ਅਹੁਦਾ ਸੰਭਾਲਿਆ। ਉਨ੍ਹਾਂ ਨੇ ਵਿੰਨੀ ਮਹਾਜਨ ਦੀ ਥਾਂ ਨਵੇਂ ਮੁੱਖ ਸਕੱਤਰ ਵਜੋਂ ਕਾਰਜਭਾਰ ਸੰਭਾਲਿਆ ਹੈ ਜਿਨ੍ਹਾਂ ਨੂੰ ਹੁਣ ਵਿਸ਼ੇਸ਼ ਮੁੱਖ ਸਕੱਤਰ ਵਜੋਂ ਤਾਇਨਾਤ ਕੀਤਾ ਗਿਆ ਹੈ। ਸੂਬਾ ਸਰਕਾਰ ਵੱਲੋਂ ਜਾਰੀ ਕੀਤੇ ਆਦੇਸ਼ਾਂ ਅਨੁਸਾਰ ਉਹ ਪ੍ਰਸੋਨਲ ਅਤੇ ਵਿਜੀਲੈਂਸ ਦੇ ਪ੍ਰਮੁੱਖ ਸਕੱਤਰ ਤੋਂ ਇਲਾਵਾ ਵਿਕਾਸ ਦੇ ਵਿੱਤ ਕਮਿਸ਼ਨਰ ਅਤੇ ਫੂਡ ਪ੍ਰੋਸੈਸਿੰਗ, ਬਾਗਬਾਨੀ, ਪ੍ਰਸ਼ਾਸਨਿਕ ਸੁਧਾਰਾਂ ਅਤੇ ਲੋਕ ਸ਼ਿਕਾਇਤਾਂ ਵਿਭਾਗ ਦੇ ਪ੍ਰਮੁੱਖ ਸਕੱਤਰ ਵੀ ਹੋਣਗੇ। ਤਿਵਾੜੀ ਨੇ ਸੂਬੇ ਦੇ ਨਾਲ-ਨਾਲ ਕੇਂਦਰ ਸਰਕਾਰ ਵਿੱਚ ਵੀ ਵੱਖ-ਵੱਖ ਅਹੁਦਿਆਂ 'ਤੇ ਸੇਵਾਵਾਂ ਨਿਭਾਈਆਂ ਹਨ। ਮੌਜੂਦਾ ਸਮੇਂ ਉਹ ਪੰਜਾਬ ਸਰਕਾਰ ਵਿੱਚ ਖੇਤੀਬਾੜੀ ਤੇ ਕਿਸਾਨ ਭਲਾਈ ਅਤੇ ਪ੍ਰਸ਼ਾਸਨਿਕ ਸੁਧਾਰਾਂ ਦੇ ਵਧੀਕ ਮੁੱਖ ਸਕੱਤਰ (ਏਸੀਐਸ) ਵਜੋਂ ਸੇਵਾ ਨਿਭਾਅ ਰਹੇ ਸਨ। ਇਸ ਤੋਂ ਪਹਿਲਾਂ, ਉਹਨਾਂ ਨੇ ਬਿਜਲੀ, ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤਾਂ ਦੇ ਵਧੀਕ ਮੁੱਖ ਸਕੱਤਰ ਅਤੇ ਬਿਜਲੀ, ਵਿੱਤ, ਯੋਜਨਾ, ਉਦਯੋਗ ਅਤੇ ਵਣਜ ਦੇ ਪ੍ਰਮੁੱਖ ਸਕੱਤਰ ਅਤੇ ਪੰਜਾਬ ਬਿਊਰੋ ਆਫ਼ ਇਨਵੈਸਟਮੈਂਟ ਪ੍ਰਮੋਸ਼ਨ (ਇਨਵੈਸਟ ਪੰਜਾਬ) ਦੇ ਸੀਈ? ਵਜੋਂ ਵੀ ਸ਼ਾਨਦਾਰ ਸੇਵਾ ਨਿਭਾਈ ਹੈ। ਤਿਵਾੜੀ ਭਾਰਤ ਸਰਕਾਰ ਦੇ ਆਰਥਿਕ ਮਾਮਲਿਆਂ ਵਿਭਾਗ ਵਿੱਚ ਬਤੌਰ ਡਾਇਰੈਕਟਰ ਅਤੇ ਇੰਟਰਨੈਸ਼ਨਲ ਫੰਡ ਫਾਰ ਐਗਰੀਕਲਚਰਲ ਡਿਵੈਲਪਮੈਂਟ (ਆਈਐਫਏਡੀ) (ਸੰਯੁਕਤ ਰਾਸ਼ਟਰ ਦੀ ਇੱਕ ਏਜੰਸੀ) ਲਈ ਕੰਟਰੀ ਕੋਆਰਡੀਨੇਟਰ ਵਜੋਂ ਵੀ ਸੇਵਾ



ਨਿਭਾਅ ਚੁੱਕੇ ਹਨ। ਉਹਨਾਂ ਨੇ ਇਲੈਕਟ੍ਰੋਨਿਕਸ ਅਤੇ ਇਲੈਕਟ੍ਰੀਕਲ ਕਮਿਊਨੀਕੇਸ਼ਨਜ਼ ਇੰਜੀਨੀਅਰਿੰਗ ਵਿੱਚ ਗ੍ਰੈਜੂਏਸ਼ਨ ਅਤੇ ਪੰਜਾਬ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ ਵਿੱਚ ਪੋਸਟ ਗ੍ਰੈਜੂਏਸ਼ਨ ਕੀਤੀ। ਉਹਨਾਂ ਨੇ ਡਿਊਕ ਯੂਨੀਵਰਸਿਟੀ, ਡਰਹਮ, ਯੂ.ਐਸ.ਏ. ਤੋਂ ਇੰਟਰਨੈਸ਼ਨਲ ਡਿਵੈਲਪਮੈਂਟ ਪਾਲਿਸੀ ਵਿੱਚ ਵੀ ਮਾਸਟਰ ਡਿਗਰੀ ਹਾਸਲ ਕੀਤੀ ਹੈ। ਤਿਵਾੜੀ ਸੰਗਰੂਰ ਦੇ ਡਿਪਟੀ ਕਮਿਸ਼ਨਰ ਅਤੇ ਪੰਜਾਬ ਰਾਜ ਬਿਜਲੀ ਬੋਰਡ ਦੇ ਸਕੱਤਰ ਤੋਂ ਇਲਾਵਾ ਫਿਰੋਜ਼ਪੁਰ ਦੇ ਏਡੀਸੀ ਸਮੇਤ ਅਬੋਹਰ ਤੇ ਸੰਗਰੂਰ ਦੇ ਐਸਡੀਐਮ ਵਜੋਂ ਵੀ ਸ਼ਾਨਦਾਰ ਸੇਵਾਵਾਂ ਨਿਭਾਅ ਚੁੱਕੇ ਹਨ। ਉਹਨਾਂ ਦਾ ਟਰੈਕ ਰਿਕਾਰਡ ਕਾਫ਼ੀ ਪ੍ਰਭਾਵਸ਼ਾਲੀ ਰਿਹਾ ਹੈ ਜਿਸ ਕਰਕੇ ਉਹਨਾਂ ਨੂੰ ਸਰਕਾਰ ਨੇ ਨਵੀਂ ਜ਼ਿੰਮੇਵਾਰੀ ਸੌਂਪੀ ਹੈ। ਅਹੁਦਾ ਸੰਭਾਲਣ ਉਪਰੰਤ ਸੂਬੇ ਦੇ ਸੀਨੀਅਰ ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ, ਸ੍ਰੀ ਤਿਵਾੜੀ ਨੇ ਕਿਹਾ ਕਿ ਉਹ ਵੱਖ-ਵੱਖ ਖੇਤਰਾਂ ਵਿੱਚ ਸਾਰੇ ਕਾਰਜਾਂ ਨੂੰ ਮੁਕੰਮਲ ਕਰਨ ਲਈ ਇੱਕ ਟੀਮ ਵਜੋਂ ਕੰਮ ਕਰਦੇ ਰਹਿਣਗੇ ਅਤੇ ਸੂਬੇ ਦੇ ਸਰਬਪੱਖੀ ਵਿਕਾਸ ਲਈ ਸਖ਼ਤ ਮਿਹਨਤ ਕਰਨਗੇ। ਇੱਕ ਗੈਰ-ਰਸਮੀ ਮੀਟਿੰਗ ਵਿੱਚ ਪੰਜਾਬ ਆਈਏਐਸ ਆਫਿਸਰਜ਼ ਐਸੋਸੀਏਸ਼ਨ ਦੇ ਨਾਲ-ਨਾਲ ਹੋਰਨਾਂ ਸਿਵਲ ਅਤੇ ਪੁਲਿਸ ਅਧਿਕਾਰੀਆਂ ਨੇ ਵੀ ਨਵੇਂ ਮੁੱਖ ਸਕੱਤਰ ਦਾ ਅਹੁਦਾ ਸੰਭਾਲਣ ਮੌਕੇ ਸਵਾਗਤ ਕੀਤਾ। ਉਨ੍ਹਾਂ ਨੇ ਆਪਣੀ ਥਾਂ ਵਧੀਕ ਮੁੱਖ ਸਕੱਤਰ ਕਰ ਅਤੇ ਚੇਅਰਮੈਨ ਪੀਐਸਪੀਸੀਐਲ ਏ। ਵੇਣੂ ਪ੍ਰਸਾਦ ਨੂੰ ਪੰਜਾਬ ਆਈਏਐਸ ਆਫਿਸਰਜ਼ ਐਸੋਸੀਏਸ਼ਨ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਵੀ ਸੌਂਪਣ ਦਾ ਐਲਾਨ ਕੀਤਾ।

## ਮਿਸੀਸਾਗਾ ਵਿਚ ਚੱਲੀ ਗੋਲੀ-1 ਹਲਾਕ



ਮਿਸੀਸਾਗਾ-ਬੁੱਧਵਾਰ ਰਾਤ ਨੂੰ ਮਿਸੀਸਾਗਾ ਵਿੱਚ ਗੋਲੀ ਚੱਲਣ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ। ਪੀਲ ਰੀਜਨਲ ਪੁਲਿਸ ਤੇ ਪੈਰਾਮੈਡਿਕਸ ਨੂੰ ਮਿਡ ਵੇਅ ਬੋਲੀਵੀਆਰਡ ਤੇ ਕੋਲੰਬਸ ਰੋਡ ਇਲਾਕੇ ਵਿੱਚ ਰਾਤੀਂ 8:15 ਵਜੇ ਤੋਂ ਪਹਿਲਾਂ ਇੰਡਸਟਰੀਅਲ ਪਲਾਜ਼ਾ ਉੱਤੇ ਸੱਦਿਆ ਗਿਆ। ਜਦੋਂ ਐਮਰਜੰਸੀ ਸੇਵਾਵਾਂ ਪਹੁੰਚੀਆਂ ਤਾਂ ਉਨ੍ਹਾਂ ਨੂੰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ, ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਇਹ ਜ਼ਖ਼ਮੀ ਵਿਅਕਤੀ ਪਲਾਜ਼ਾ ਵਿੱਚ ਇੱਕ ਪਾਰਕ ਕੀਤੀ ਗਈ ਗੱਡੀ ਵਿੱਚ ਮੌਜੂਦ ਸੀ ਜਦੋਂ ਇੱਕ ਗੰਨਮੈਨ ਉੱਥੇ ਪਹੁੰਚਿਆ ਤੇ ਉਸ ਨੇ ਉਸ ਵਿਅਕਤੀ ਨੂੰ ਕਾਫੀ ਨੇੜਿਓਂ ਗੋਲੀ ਮਾਰੀ। ਪੁਲਿਸ ਨੂੰ ਉਸ ਇਲਾਕੇ ਵਿੱਚੋਂ ਗੱਡੀ ਦੇ ਕਾਹਲੀ ਕਾਹਲੀ ਜਾਣ ਦਾ ਵੀ ਪਤਾ ਲੱਗਿਆ ਪਰ ਇਸ ਸਮੇਂ ਕਿਸੇ ਮਸ਼ਕੂਕ ਜਾਂ ਵਾਹਨ ਦਾ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ।

## ਜ਼ਿੰਦਗੀ ਦੀ ਗੱਡੀ

ਸਰੀ ਦੇ ਸਟੋਰ ਤੋਂ ਆਪਣਾ ਕੰਮ ਪੂਰਾ ਕਰਕੇ ਸਤਿੰਦਰ ਸੋਫ਼ੇ ਤੇ ਅਖੀਂ ਮੀਚ ਕੇ ਲੇਟ ਗਈ। ਉਸ ਦਾ ਘਰਵਾਲਾ ਜਸਵਿੰਦਰ ਅਜੇ ਕੰਮ ਤੋਂ ਨਹੀਂ ਆਇਆ ਸੀ। ਇਕ ਲੜਕਾ ਅਤੇ ਲੜਕੀ ਆਪਣਿਆਂ ਕਮਰਿਆਂ ਵਿਚ ਹੋਮ ਵਰਕ ਕਰ ਰਹੇ ਸਨ। ਲੇਟਿਆਂ ਵਿਚਾਰਾਂ ਦੀ ਲੜੀ ਪੁਰਾਣੀਆਂ ਯਾਦਾਂ ਵੱਲ ਚਲੀ ਗਈ। ਜਸਵਿੰਦਰ ਉਸ ਦਾ ਦੂਜਾ ਪਤੀ ਸੀ। ਸਤਿੰਦਰ ਦੀ ਚਾਚਾ ਜੀ ਇੰਡੀਆ ਵਿਚ ਮਸ਼ਹੂਰ ਬੰਦੇ ਸਨ। ਉਸ ਦੇ ਪਿਓ ਦੇਵ ਦੀਆਂ ਲੱਤਾਂ ਮਾਰੀਆਂ ਸਨ। ਸਤਿੰਦਰ ਦੇ ਪਹਿਲੇ ਘਰ ਵਾਲੇ ਦਾ ਪਿਓ ਜੋ ਕਿ ਇਸ ਦੇ ਹੀ ਪਿੰਡ ਦਾ ਸੀ ਬਲੈਕ ਕਰਦਾ ਸੀ ਬਲੈਕ ਦੇ ਝਗੜੇ ਕਾਰਣ ਉਸ ਦੇ ਸਹੁਰੇ ਦਾ ਕਤਲ ਹੋ ਗਿਆ ਅਤੇ ਸਤਿੰਦਰ ਦੀ ਸੱਸ ਆਪਣੇ ਦੋ ਪੁੱਤਰਾਂ ਨੂੰ ਲੈ ਕੇ ਕੈਨੇਡਾ ਸਰੀ ਆ ਗਈ ਅਤੇ ਉਸ ਨੇ ਆਪਣੇ ਵੱਡੇ ਪੁੱਤਰ ਦੀ ਸ਼ਾਦੀ ਆਪਣੇ ਸਹੁਰੇ ਪਿੰਡ ਦੀ ਕੁੜੀ ਸਤਿੰਦਰ ਨਾਲ ਕਰ ਦਿੱਤੀ ਅਤੇ ਦੂਜਾ ਲੜਕਾ ਵੀ ਵਿਆਹ ਲਿਆ। ਪਰ ਦੋਨੋਂ ਲੜਕੇ ਡਰੱਗੀ ਨਿਕਲੇ ਸਤਿੰਦਰ ਦੀ ਦਰਾਣੀ ਤਲਾਕ ਲੈ ਕੇ ਚਲੀ ਗਈ। ਸਤਿੰਦਰ ਦਾ ਘਰ ਵਾਲਾ ਇਸ ਦੇ ਪੈਸਿਆਂ ਨਾਲ ਨਸ਼ਾ ਕਰਦਾ ਅਤੇ ਇਨ੍ਹਾਂ ਨੇ ਆਪਣੀ ਜ਼ਮੀਨ ਸਤਿੰਦਰ ਦੇ ਭਰਾ ਨੂੰ ਮੁਖਤਿਆਰ ਨਾਮਾ ਦੇ ਕੇ ਵੇਚ ਦਿੱਤੀ ਪਰ ਸਤਿੰਦਰ ਦਾ ਭਰਾ ਪੈਸੇ ਨਪ ਗਿਆ। ਘਰ ਵਾਲੇ ਤੋਂ ਤੰਗ ਆ ਕੇ ਸਤਿੰਦਰ ਨੇ ਉਸ ਨੂੰ ਤਲਾਕ ਦੇ ਦਿੱਤਾ ਅਤੇ ਆਪਣੀ ਬੇਟੀ ਲੈ ਕੇ ਅਲੱਗ ਰਹਿਣ ਲੱਗ ਗਈ। ਫਿਰ ਉਸ ਨੇ ਆਪਣੀ ਉਮਰ ਦੇ ਤਲਾਕਸ਼ੁਦਾ ਜਸਵਿੰਦਰ ਨਾਲ ਸ਼ਾਦੀ ਕਰਾਈ ਜੋ ਆਪਣੇ ਲੜਕੇ ਨਾਲ ਆਪਣੇ ਮਕਾਨ ਵਿਚ ਰਹਿ ਰਿਹਾ ਸੀ। ਦੋਨਾਂ ਇਕ ਦੂਜੇ ਦੇ ਬੇਟੇ ਬੇਟੀ ਨੂੰ ਆਪਣੇ ਸਾਂਝੇ ਬੱਚੇ ਸਮਝ ਕੇ ਪਾਲਣ ਲੱਗੇ ਅਤੇ ਹੁਣ ਸਤਿੰਦਰ ਆਪਣੇ ਜੀਵਨ ਸਾਥੀ ਨਾਲ ਜ਼ਿੰਦਗੀ ਦੀ ਗੱਡੀ ਸਕੂਨ ਨਾਲ ਤੋਰਨ ਲੱਗੀ। ਏਨੇ ਨੂੰ ਜਸਵਿੰਦਰ ਆ ਗਿਆ ਅਤੇ ਉਹ ਉਸ ਨੂੰ ਚਾਹ ਪਿਆ ਕੇ ਸ਼ਾਮ ਦੇ ਖਾਣੇ ਵਿਚ ਰੁੱਝ ਗਈ।

**ਰਣਜੀਤ ਸਿੰਘ ਬੁੱਟਰ**
**ਰਿਟਾਇਰਡ ਪ੍ਰਿੰਸੀਪਲ ਗੰਗਾਨਗਰ, ਰਾਜਸਥਾਨ**
778-394-4212


**Injured in an accident?**

**ICBC claim?**

**We can help.**

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**
604-449-7500

RM TRIAL LAWYERS
MANDEEP RANDHAWA LAW CORPORATION

PERSONAL INJURY LAWYERS
T 604-449-7500 F 604-449-7501
mrandhawa@rmlawyers.ca www.rmlawyers.ca
205-7134 King George Boulevard, Surrey, BC V3W 5A3

We Can Help You Sell Your House!

**Satvir Cheema**
**604-240-9148**



CENTURY 21 Coastal Realty Ltd.
#105-7928 128th St.,
Surrey, BC, V3W 4E8

satvir.cheema@century21.ca



PUNJAB LINK

# ਪੰਜਾਬ ਲਿੰਕ

ਸ਼ਨਿਚਰਵਾਰ, 25 ਸਤੰਬਰ, 2021

ਰਿਅਲ ਅਸਟੇਟ | REAL ESTATE

www.punjablinkpaper.com 604-503-5465



For All Your Real Estate Needs

**Amrik Cheema**
*PREC
**604-369-7000**

CENTURY 21 Coastal Realty Ltd.
#105-7928 128th St.,
Surrey, BC, V3W 4E8



info@amrikcheema.com





# ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਵੱਲੋਂ ਰਿਚਮੰਡ ਦੇ ਅਧਿਕਾਰੀਆਂ ਦੇ ਧੰਨਵਾਦ ਹਿਤ ਮੀਟਿੰਗ

ਸਰੀ (ਹਰਦਮ ਮਾਨ)-ਪਿਛਲੇ 36 ਸਾਲਾਂ ਤੋਂ ਰਿਚਮੰਡ ਕਮਿਊਨਿਟੀ ਦੀ ਸੇਵਾ ਕਰ ਰਹੀ ਸੰਸਥਾ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ (ਗੁਰਦਵਾਰਾ ਨਾਨਕ ਨਿਵਾਸ, ਰਿਚਮੰਡ) ਦੇ ਜਨਰਲ ਸਕੱਤਰ ਬਲਵੰਤ ਸਿੰਘ ਸੰਘੇੜਾ ਨੇ ਦੱਸਿਆ ਹੈ ਕਿ ਕਮਿਊਨਿਟੀ ਦੀ ਸੇਵਾ ਕਰਨ ਦੇ ਨਾਲ ਨਾਲ ਇਹ ਗੁਰਦਵਾਰਾ ਸਾਹਿਬ ਹਰ ਵੇਲੇ ਰਿਚਮੰਡ ਦੀ ਕਮਿਊਨਿਟੀ ਦੇ ਭਲਾਈ ਕਾਰਜਾਂ ਵਿਚ ਵੀ ਕਾਫੀ ਯੋਗਦਾਨ ਪਾ ਰਿਹਾ ਹੈ। ਕੁਝ ਸਮਾਂ ਪਹਿਲਾਂ ਰਿਚਮੰਡ ਹਸਪਤਾਲ ਵੱਲੋਂ ਮਾਲੀ ਸਹਾਇਤਾ ਲਈ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਤੱਕ ਪਹੁੰਚ ਕੀਤੀ ਗਈ ਤਾਂ ਕਮੇਟੀ ਨੇ ਗੁਰੂ ਘਰ ਦੀ ਸੰਗਤ ਦੇ ਸਹਿਯੋਗ ਨਾਲ ਥੋੜ੍ਹੇ ਸਮੇਂ ਵਿਚ ਹੀ ਤਕਰੀਬਨ 50,000 ਡਾਲਰ ਇਕੱਠੇ ਕਰਕੇ ਹਸਪਤਾਲ ਨੂੰ ਦਿੱਤੇ। ਇਸ ਦੇ ਨਾਲ ਹੀ ਹਸਪਤਾਲ ਦੇ ਅਧਿਕਾਰੀਆਂ ਨੇ ਹਸਪਤਾਲ ਵਿਚ ਪੰਜਾਬੀ ਬੋਰਡ ਲਾਉਣ ਦੀ ਅਪੀਲ ਕਬੂਲ ਕਰਦਿਆਂ ਹਸਪਤਾਲ ਵਿਚ ਪੰਜਾਬੀ ਦੇ ਬੋਰਡ ਲਾ ਦਿੱਤੇ ਹਨ। ਬਲਵੰਤ ਸਿੰਘ ਸੰਘੇੜਾ ਨੇ ਅੱਗੇ ਦੱਸਿਆ ਕਿ ਰਿਚਮੰਡ ਦੇ ਮੇਅਰ, ਕੌਂਸਲਰਜ, ਪੁਲਿਸ ਅਧਿਕਾਰੀ, ਅੱਗ ਬੁਝਾਊ ਮਹਿਕਮੇ ਦੇ ਮੁਖੀ,ਰਿਚਮੰਡ ਹਸਪਤਾਲ ਦੇ ਕੁਝ ਪਤਵੰਤੇ ਸੱਜਣ ਅਤੇ ਕੁਝ ਗੁਰਦਵਾਰਾ ਸਹਿਬ ਦੇ ਸ਼ੁਭਚਿੰਤਕਾਂ ਨੂੰ ਹਰ ਸਾਲ ਗੁਰੂ ਘਰ ਵਿਖੇ ਲੰਗਰ ਲਈ ਬੁਲਾਇਆ ਜਾਂਦਾ ਸੀ। ਪਿਛਲੇ ਦੋ ਸਾਲਾਂ ਤੋਂ ਕੋਵਿਡ ਦੀ ਮਹਾਂਮਾਰੀ ਕਾਰਨ ਇਹ ਰਵਾਇਤ ਬੰਦ ਕਰਨੀ ਪਈ। ਪਰ ਹੁਣ ਕੁਝ ਢਿੱਲ ਮਿਲ ਜਾਣ ਸਦਕਾ ਇਹਨਾਂ ਸਭ ਸ਼ਖ਼ਸੀਅਤਾਂ ਨੂੰ ਫਿਰ ਗੁਰਦਵਾਰਾ ਸਾਹਿਬ ਵਿਖੇ ਸੱਦ ਕੇ ਇਹਨਾਂ ਦਾ ਸਵਾਗਤ ਕੀਤਾ ਗਿਆ। ਗੁਰਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਬਲਵੰਤ ਸਿੰਘ ਸੰਘੇੜਾ ਨੇ ਇਨ੍ਹਾਂ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਹਨਾਂ ਮੀਟਿੰਗਾਂ ਦਾ ਮੁਖ ਮੰਤਵ ਕਮਿਊਨਿਟੀ ਲਈ ਸੇਵਾ ਅਤੇ ਹੋਰ ਕੰਮਾਂ ਲਈ ਇਨ੍ਹਾਂ ਅਧਿਕਾਰੀਆਂ ਧੰਨਵਾਦ ਕਰਨਾ ਹੈ ਕਿਉਂਕਿ ਉਹ ਸੇਵਾ ਲਈ ਹਰ ਵੇਲੇ ਹਾਜਰ ਰਹਿੰਦੇ ਹਨ ਅਤੇ ਗੁਰੂ ਘਰ ਦੇ ਪ੍ਰਬੰਧਕਾਂ ਨੂੰ ਵੀ ਸਹਿਯੋਗ ਦਿੰਦੇ ਰਹਿੰਦੇ ਹਨ। ਰਿਚਮੰਡ ਦੇ ਮੇਅਰ ਮੈਲਕਮ ਬਰੋਡੀ, ਪੁਲਿਸ ਮੁਖੀ ਵਿੱਲ ਇੰਗ, ਰਿਚਮੰਡ ਹਸਪਤਾਲ ਅਤੇ ਹਸਪਤਾਲ ਫਾਊਂਡੇਸ਼ਨ ਦੇ ਅਧਿਕਾਰੀਆਂ ਨੇ ਇਸ ਮਾਣ ਸਨਮਾਨ ਲਈ ਗੁਰਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਅਤੇ ਆਪਣੀਆਂ ਸੇਵਾਵਾਂ ਦੇਣ ਲਈ ਮਾਣ ਮਹਿਸੂਸ ਕੀਤਾ।


**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION



www.hughesco.com CEDRIC HUGHES
**604.602.1828**

*HEAD OFFICE:*
**VANCOUVER**
**505-777 W. BROADWAY**



SUNNY SANGHA • PERSONAL REAL ESTATE CORPORATION

**#308 5419 201A ST**




**$499,888**

Welcome to Vista Gardens, a well-maintained building located in a central location of langley with walking distance to Linwood Park and Downtown Langley. This top-floor unit is one of the best layouts in the building with two generous size bedrooms and two bathrooms. There is storage inside your own laundry room and two separate storage lockers, one beside the unit and one underground. One Secure parking underground and tons of parking out in front of the building. The building has a new roof, the levy has been paid for the cladding work that will happen in the next year. The strata fee includes a gas fireplace and Hot water. Call now to book your private showing.

**14317 31A AVENUE**




**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

**1426 KENT**



**$1,599,000**

Welcome to White Rock! The current home is rented for $2450 on a month-to-month basis. The building plans for a 6300 sqft plus garage home are in the city ready for permits in a month. The Seller has spent over $60,000 to have the plans ready and the property ready for permits. Buy now and start building.

**9858 HUCKLEBERRY DRIVE**



Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.



Sunny Sangha
604-356-5555

SUNNY SANGHA
Personal Real Estate Corporation

CENTURY 21
Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY

LAW CORPORATION

www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★

**4.9 STAR**

**Google**

**REVIEW !**

**Link!**

**hughesco.com**

*for reviews*

# 604.602.1828

MAIN OFFICE: 505-777 W. BROADWAY, VANCOUVER

SURREY OFFICE: 7164, 120 ST, SURREY ***(BY APPOINTMENT PLEASE)***

Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***



Liberal
PRINCE ALBERT ST 7700
E 61ST AVE 700
Thank You
VANCOUVER SOUTH
Thank you for the privilege to be your voice in Ottawa once again. Words can't describe this honour. Growing up, Van-South gave me the opportunity to succeed and now I'll continue to create opportunities for the next generation.
ਵੈਨਕੂਵਰ ਸਾਊਥ ਦਾ ਧੰਨਵਾਦ ਕਿ ਤੁਸੀਂ ਮੈਨੂੰ ਇਕ ਵਾਰ ਫਿਰ ਔਟਵਾ ਵਿੱਚ ਤੁਹਾਡੀ ਆਵਾਜ਼ ਬਨਣ ਦਾ ਸਨਮਾਨ ਦਿੱਤਾ ਹੈ। ਕੋਈ ਵੀ ਸ਼ਬਦ ਇਸ ਸਨਮਾਨ ਦਾ ਵਰਣਨ ਨਹੀਂ ਕਰ ਸੱਕਦਾ। ਵੱਡੇ ਹੁੰਦਿਆਂ ਵੈਨਕੂਵਰ ਸਾਊਥ ਨੈ ਮੈਨੂੰ ਸਫਲ ਹੋਣ ਦਾ ਮੌਕਾ ਦਿੱਤਾ ਅਤੇ ਹੁਣ ਮੈਂ ਅਗਲੀ ਪੀੜੀ ਲਈ ਮੌਕੇ ਪੈਦਾ ਕਰਨਾ ਜਾਰੀ ਰੱਖਾਂਗਾ।
ਹਰਜੀਤ ਸਿੰਘ ਸੱਜਨ
ਵੈਨਕੂਵਰ ਸਾਊਥ
Harjit
Sajjan
VANCOUVER SOUTH
Authorized by Vancouver South Federal Liberal Riding Association

# ਰਾਸ਼ਟਰੀ ਮਹਿਲਾ ਕਮਿਸ਼ਨ ਨੇ ਚੰਨੀ ਨੂੰ ਮੁੱਖ ਮੰਤਰੀ ਬਣਾਉਣ ਵਿਰੁੱਧ 'ਮੀ ਟੂ' ਦਾ ਮੁੱਦਾ ਚੁੱਕਿਆ

## ਸੋਨੀਆ ਗਾਂਧੀ ਨੂੰ ਮੁੱਖ ਮੰਤਰੀ ਅਹੁਦੇ ਤੋਂ ਚੰਨੀ ਨੂੰ ਹਟਾਉਣ ਦੀ ਅਪੀਲ

ਨਵੀਂ ਦਿੱਲੀ-ਪੰਜਾਬ ਦੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਅਹੁਦਾ ਸਾਂਭਦੇ ਸਾਰ ਹੀ ਉਨ੍ਹਾਂ ਵਿਰੁੱਧ ਇੱਕ ਮਹਿਲਾ ਅਫਸਰ ਨਾਲ ਦੁਰ-ਵਿਹਾਰ ਦਾ ਪੁਰਾਣਾ ਮੁੱਦਾ ਵੀ ਭਖ ਪਿਆ ਹੈ। ਅੱਜ ਸੋਮਵਾਰ ਨੂੰ ਭਾਰਤ ਦੇ ਰਾਸ਼ਟਰੀ ਮਹਿਲਾ ਕਮਿਸ਼ਨ ਦੀ ਪ੍ਰਧਾਨ ਰੇਖਾ ਸ਼ਰਮਾ ਨੇ ਦੱਸਿਆ ਕਿ 2018 ਵਿਚ 'ਮੀ ਟੂ' ਮੂਵਮੈਂਟ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਖਿਲਾਫ਼ ਦੋਸ਼ ਲੱਗੇ ਤਾਂਪੰਜਾਬ ਰਾਜਮਹਿਲਾ ਕਮਿਸ਼ਨ ਨੇ ਇਸ ਦਾ ਨੋਟਿਸ ਲੈ ਕੇ ਉਨ੍ਹਾਂ ਨੂੰ ਹਟਾਉਣ ਦੀ ਮੰਗ ਕੀਤੀ ਸੀ, ਪਰ ਕੁਝ ਨਹੀਂ ਸੀ ਹੋਇਆ। ਉਨ੍ਹਾਂ ਕਿਹਾ ਕਿ ਅੱਜ ਇਕ ਔਰਤ ਦੀ ਅਗਵਾਈ ਵਾਲੀ ਪਾਰਟੀ ਨੇ ਓਸੇ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾ ਦਿੱਤਾ ਹੈ ਤਾਂ ਇਹ ਵਿਸ਼ਵਾਸਘਾਤ ਹੈ ਅਤੇ ਉਹ ਮਹਿਲਾ ਸੁਰੱਖਿਆ ਲਈ ਖਤਰਾ ਹੈ, ਉਸ ਦੇ ਖਿਲਾਫ਼ ਜਾਂਚ ਹੋਣੀ ਚਾਹੀਦੀ ਹੈ। ਰੇਖਾ ਸ਼ਰਮਾ ਨੇ ਕਿਹਾ ਕਿ ਮੈਂ ਸੋਨੀਆ ਗਾਂਧੀ ਨੂੰ ਚੰਨੀ ਨੂੰਇਸ ਅਹੁਦੇ ਤੋਂ ਹਟਾਉਣ ਦੀ ਅਪੀਲ ਕਰਦੀ ਹਾਂ। ਏਧਰ ਪੰਜਾਬ ਵਿੱਚ ਬਹੁਜਨ ਸਮਾਜ ਪਾਰਟੀ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਹੈ ਕਿ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਉਣਾ ਕਾਂਗਰਸ ਦਾ ਇੱਕ ਸਿਆਸੀ ਸਟੰਟ ਹੈ। ਉਨ੍ਹਾ ਕਿਹਾ ਕਿ ਦਲਿਤ ਵੋਟਾਂ ਦੀ ਝਾਕ ਰੱਖ ਕੇਕਾਂਗਰਸ ਨੇ ਵੱਡੀ ਭੁੱਲ ਕੀਤੀ ਹੈ, ਜੇ ਕਾਂਗਰਸ ਦਲਿਤਾਂ ਦੀ ਆਵਾਜ਼ ਸਚਮੁੱਚ ਉਠਾਉਣਾ ਚਾਹੁੰਦੀ ਤਾਂ ਮੁੱਖ ਮੰਤਰੀ ਪੰਜ ਸਾਲ ਲਈ ਲਾਉਣਾ ਸੀ, ਵਿਧਾਨ ਸਭਾ ਚੋਣਾਂ ਵਿੱਚ ਚਾਰ ਮਹੀਨੇ ਬਾਕੀ ਰਹਿੰਦਿਆਂ ਤੋਂ ਦਲਿਤ ਨੂੰ ਅੱਗੇ ਲਾਉਣ ਦਾ ਕੋਈ ਲਾਭ ਨਹੀਂ। ਉਨ੍ਹਾ ਇਹ ਵੀ ਕਿਹਾ ਕਿ ਪੰਜਾਬ ਮਾੜੇ ਦਿਨਾਂਤੋਂ ਗੁਜ਼ਰ ਰਿਹਾ ਹੈ ਅਤੇ ਜਿਸ ਆਗੂ ਉੱਤੇ ਕੈਬਿਨੇਟ ਮੰਤਰੀ ਹੁੰਦਿਆਂ ਮਹਿਲਾ ਅਫ਼ਸਰ ਨੂੰ ਅਸ਼ਲੀਲ ਮੈਸਜ ਭੇਜਣ ਦੇ ਦੋਸ਼ ਲੱਗੇ ਹੋਣ, ਉਸ ਨੂੰ ਮੁੱਖ ਮੰਤਰੀ ਬਣਾ ਦੇਣਾ ਬਹੁਤ ਮੰਦ-ਭਾਗਾ ਹੈ। ਜਸਵੀਰ ਸਿੰਘ ਗੜ੍ਹੀ ਨੇ ਸੋਸ਼ਲ ਮੀਡੀਆ ਉੱਤੇਵਾਇਰਲ ਹੋਈਚਰਨਜੀਤ ਸਿੰਘ ਚੰਨੀ ਦੀਵੋਟ ਦਾ ਹਵਾਲਾ ਦੇ ਕੇ ਕਿਹਾ ਕਿ ਕਾਂਗਰਸ ਦੇ ਗਲੇ ਵਿੱਚ ਦੋ ਫੰਦੇ ਲਟਕੇ ਹੋਏ ਹਨ। ਇੱਕ ਬਹੁਜਨ ਸਮਾਜ ਪਾਰਟੀ ਅਤੇ ਅਕਾਲੀ ਦਲ ਦੇ ਗੱਠਜੋੜ ਅਤੇ ਦੂਸਰਾ ਕਾਂਗਰਸ ਅੰਦਰਲਾ ਕਲੇਸ਼ ਹੈ, ਜਿਸ ਕਾਰਨ ਦਲਿਤ ਮੁੱਖ ਮੰਤਰੀ ਬਣਾਇਆ ਗਿਆ ਹੈ।





# ਕਿਸਾਨ ਸੰਗਠਨਾਂ ਦੇ ਸੱਦੇ ਉੱਤੇ 27 ਸਤੰਬਰ ਨੂੰ 'ਭਾਰਤ ਬੰਦ' ਰਹੇਗਾ

ਨਵੀਂ ਦਿੱਲੀ-ਭਾਰਤ ਵਿਚ ਇਕ ਵਾਰ ਫਿਰ ਕਿਸਾਨ ਮੁੱਦਿਆਂ ਉੱਤੇ 'ਭਾਰਤ ਬੰਦ' ਹੋਣ ਲੱਗਾ ਹੈ। ਭਾਰਤ ਸਰਕਾਰ ਦੇ ਤਿੰਨ ਨਵੇਂ ਖੇਤੀ ਕਾਨੂੰਨਾਂ ਵਿਰੁੱਧ ਇਸ ਵਾਰ ਸੰਯੁਕਤ ਕਿਸਾਨ ਮੋਰਚੇ ਵੱਲੋਂ 27 ਸਤੰਬਰ ਨੂੰ ਦੇਸ਼ ਭਰ ਦੇ ਕਿਸਾਨਾਂ ਵੱਲੋਂ ਭਾਰਤ ਬੰਦ ਕਰਨ ਦਾ ਐਲਾਨ ਕੀਤਾ ਗਿਆ ਹੈ। ਵਰਨਣ ਯੋਗ ਹੈ ਕਿ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਬਣਾਏ ਤਿੰਨਾਂ ਨਵੇਂ ਖੇਤੀ ਕਾਨੂੰਨ ਪਾਸ ਹੋਣ ਅਤੇ ਰਾਸ਼ਟਰਪਤੀ ਵੱਲੋਂ ਦਸਖਤ ਕਰਨ ਦੇ ਪਿੱਛੋਂ ਕਾਨੂੰਨ ਬਣਨ ਨੂੰ 27 ਸਤੰਬਰ ਨੂੰ ਇਕ ਸਾਲ ਹੋ ਜਾਵੇਗਾ। ਕਿਸਾਨ ਇਨ੍ਹਾਂ ਕਾਨੂੰਨਾਂ ਦੇ ਖਿਲਾਫ਼ ਦਿੱਲੀਦੇ ਬਾਰਡਰਾਂ ਉੱਤੇਪਿਛਲੇ 26 ਨਵੰਬਰ ਤੋਂ ਧਰਨੇ ਲਾਈ ਬੈਠੇ ਅਤੇ ਲਗਾਤਾਰ ਪ੍ਰਦਰਸ਼ਨ ਕਰ ਰਹੇ ਹਨ ਅਤੇ ਦੇਸ਼ ਵਿੱਚ ਵੀ ਕਿਸਾਨ ਵੱਖ-ਵੱਖ ਥਾਈਂ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। ਇਸ ਸੰਬੰਧ ਵਿੱਚ ਸੰਯੁਕਤ ਕਿਸਾਨ ਮੋਰਚਾ ਨੇ 27 ਸਤੰਬਰ ਨੂੰ ਸਾਰੇ ਦੇਸ਼ ਵਿਚ ਭਾਰਤ ਬੰਦ ਦਾ ਐਲਾਨ ਕੀਤਾ ਹੈ। ਦੇਸ਼ ਦੇ ਕਈ ਹੋਰ ਕਿਸਾਨ ਸੰਗਠਨ ਵੀ ਸੰਯੁਕਤ ਕਿਸਾਨ ਮੋਰਚਾ ਵੱਲੋਂ ਕੀਤੇ ਜਾ ਰਹੇ ਇਸ ਪ੍ਰਦਰਸ਼ਨ ਵਿਚ ਸ਼ਾਮਲ ਹੋਣਗੇ ਅਤੇ ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਭਾਰਤ ਬੰਦ ਪੂਰੀ ਤਰ੍ਹਾਂ ਸ਼ਾਂਤਮਈ ਹੋਵੇਗਾ ਇਹ ਉਸ ਦਿਨ ਸਵੇਰੇ 6 ਵਜੇ ਤੋਂ ਸ਼ੁਰੂ ਸ਼ਾਮ ਚਾਰ ਵਜੇ ਤੱਕ ਰਹੇਗਾ, ਜਿਸ ਦੌਰਾਨ ਹਰ ਤਰ੍ਹਾਂ ਦੀ ਆਵਾਜਾਈਰੋਕੀ ਜਾਵੇਗੀ। ਇਸ ਬੰਦ ਦੌਰਾਨ ਕੇਂਦਰ ਤੇ ਰਾਜ ਸਰਕਾਰਾਂ ਦੇ ਦਫ਼ਤਰ, ਬਾਜ਼ਾਰ, ਦੁਕਾਨਾਂ, ਕਾਰਖਾਨੇ, ਸਕੂਲ, ਕਾਲਜ ਅਤੇ ਹੋਰ ਵਿਦਿਅਕ ਅਦਾਰਿਆਂ ਨੂੰ ਖੋਲ੍ਹਣ ਦੀ ਇਜਾਜ਼ਤ ਨਹੀਂ ਹੋਵੇਗੀ, ਪਰ ਬੰਦ ਦੌਰਾਨ ਐਂਬੂਲੈਂਸ ਤੇ ਫਾਇਰ ਬ੍ਰਿਗੇਡ ਸੇਵਾਵਾਂ ਸਣੇ ਐਮਰਜੈਂਸੀ ਸੇਵਾਵਾਂ ਚੱਲਦੀਆਂ ਰਹਿਣਗੀਆਂ। ਕਿਤੇਕੋਈ ਸਰਕਾਰੀ ਜਾਂ ਗ਼ੈਰ-ਸਰਕਾਰੀ ਜਨਤਕ ਪ੍ਰੋਗਰਾਮ ਨਹੀਂ ਹੋਣ ਦਿੱਤਾ ਜਾਵੇਗਾ, ਪਰ ਨਿੱਜੀ ਐਮਰਜੈਂਸੀ (ਮੌਤ, ਬਿਮਾਰੀ, ਵਿਆਹ ਆਦਿ) ਬਾਰੇ ਕੋਈ ਰੋਕ ਨਹੀਂ ਲਾਈ ਜਾਵੇਗੀ। ਇਸ ਤੋਂ ਇਲਾਵਾ ਸਥਾਨਕ ਸੰਗਠਨਾਂ ਵੱਲੋਂ ਹੋਰ ਕੋਈ ਛੋਟ ਵੀ ਦਿੱਤੀ ਜਾ ਸਕਦੀ ਹੈ। ਸੰਯੁਕਤ ਕਿਸਾਨ ਮੋਰਚੇ ਨੇ ਆਪਣੇ ਵਰਕਰਾਂਨੂੰ ਕਿਹਾ ਹੈ ਕਿ ਬੰਦ ਦੌਰਾਨ ਲੋਕਾਂ ਨੂੰ ਸਵੈ-ਇੱਛਾ ਨਾਲ ਸਭ ਕੁਝ ਬੰਦ ਕਰਨ ਲਈ ਅਪੀਲ ਕੀਤੀ ਜਾਵੇ, ਕੋਈ ਜ਼ਬਰਦਸਤੀ ਨਾ ਕੀਤੀ ਜਾਵੇ ਅਤੇ ਅੰਦੋਲਨ ਵਿੱਚ ਕਿਸੇ ਵੀ ਤਰ੍ਹਾਂ ਦੀ ਹਿੰਸਾਂ ਜਾਂ ਭੰਨਤੋੜ ਨਾ ਹੋਵੇ।

# ਕਾਂਸਟੇਬਲ ਤੇ ਕਤਲ ਦੇ ਦੋਸ਼ੀ ਨੂੰ ਮਿਲੀ ਜ਼ਮਾਨਤ

ਟੋਰਾਂਟੋ-ਜੁਲਾਈ ਦੇ ਸ਼ੁਰੂ ਵਿੱਚ ਟੋਰਾਂਟੋ ਪੁਲਿਸ ਕਾਂਸਟੇਬਲ ਜੈਫਰੀ ਨੋਰਥਰਪ ਨੂੰ ਮਾਰਨ ਦੇ ਦੋਸ਼ ਵਿੱਚ ਫੜ੍ਹੇ ਗਏ ਵਿਅਕਤੀ ਨੂੰ 335,000



ਡਾਲਰ ਦੇ ਮੁਚਲਕੇ ਉੱਤੇ ਜ਼ਮਾਨਤ ਦੇ ਦਿੱਤੀ ਗਈ। ਇਸ ਦੀ ਪੁਸ਼ਟੀ ਉਸ ਦੇ ਵਕੀਲ ਵੱਲੋਂ ਕੀਤੀ ਗਈ। ਜਾਂਚਕਾਰਾਂ ਨੇ 31 ਸਾਲਾ ਉਮਰ ਜ਼ਮੀਰ ਨੂੰ ਫਰਸਟ ਡਿਗਰੀ ਮਰਡਰ ਦੇ ਦੋਸ਼ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਸੀ। ਇਸ ਤਰ੍ਹਾਂ ਦਾ ਦੋਸ਼ ਲੱਗਣ ਉਪਰੰਤ ਸਬੰਧਤ ਵਿਅਕਤੀ ਨੂੰ ਆਟੋਮੈਟਿਕ ਉਮਰ ਕੈਦ ਹੋ ਜਾਂਦੀ ਹੈ। ਉਸ ਨੂੰ ਜ਼ਮਾਨਤ ਲਈ ਹੋਰ ਸ਼ਰਤਾਂ ਵੀ ਪੂਰੀਆਂ ਕਰਨੀਆਂ ਪੈਣਗੀਆਂ, ਜਿਸ ਤਹਿਤ ਉਸ ਨੂੰ ਹਾਊਸ ਅਰੈਸਟ ਰਹਿਣਾ ਹੋਵੇਗਾ, ਉਹ ਡਰਾਈਵਿੰਗ ਨਹੀਂ ਕਰ ਸਕੇਗਾ, ਉਸ ਨੂੰ ਇਲੈਕਟ੍ਰੋਨਿਕ ਐਂਕਲ ਬ੍ਰੈਸਲੇਟ ਪਾਉਣਾ ਹੋਵੇਗਾ ਤੇ ਉਸ ਨੂੰ ਆਪਣਾ ਪਾਸਪੋਰਟ ਵੀ ਸਰੈਂਡਰ ਕਰਨਾ ਹੋਵੇਗਾ। ਉਸ ਦੀ ਅਗਲੀ ਪੇਸ਼ੀ ਪਹਿਲੀ ਅਕਤੂਬਰ ਨੂੰ ਹੋਵੇਗੀ। ਜਿਲ਼ਕਰਯੋਗ ਹੈ ਕਿ 52ਵੀਂ ਡਵੀਜ਼ਨ ਤੋਂ ਕਾਂਸਟੇਬਲ ਨੋਰਥੋਰਪ ਕਈ ਹੋਰਨਾਂ ਅਧਿਕਾਰੀਆਂ ਨਾਲ ਸਿਟੀ ਹਾਲ ਲਾਗੇ ਹੋਈ ਰੋਬਰੀ ਦੀ ਜਾਂਚ ਕਰ ਰਿਹਾ ਸੀ ਜਦੋਂ ਉਸ ਨੂੰ ਇੱਕ ਕਾਰ ਵੱਲੋਂ ਟੱਕਰ ਮਾਰੀ ਗਈ ।ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਜਾਂਚਕਾਰਾਂ ਨੇ ਉਸ ਨੂੰ ਜਾਣਬੁੱਝ ਕੇ ਅੰਜਾਮ ਦਿੱਤਾ ਗਿਆ ਕਾਰਾ ਦੱਸਿਆ ਸੀ। ਇਸ ਫੈਸਲੇ ਉੱਤੇ ਪ੍ਰੀਮੀਅਰ ਫੋਰਡ ਤੇ ਮੇਅਰ ਟੋਰੀ ਵੱਲੋਂ ਇਤਰਾਜ਼ ਪ੍ਰਗਟਾਇਆ ਗਿਆ ਹੈ ਤੇ ਇਸ ਸਬੰਧ ਵਿੱਚ ਜਵਾਬ ਤਲਬ ਕੀਤਾ ਗਿਆ ਹੈ।

ਬੀ.ਸੀ. ਵਿੱਚ ਕੋਵਿਡ-19




ਬਹੁਤ ਸਾਰੇ ਸਮਾਗਮਾਂ ਅਤੇ ਕਾਰੋਬਾਰਾਂ ਤੱਕ ਪਹੁੰਚ ਕਰਨ ਲਈ 12 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਟੀਕਾਕਰਣ ਦਾ ਸਬੂਤ ਦਿਖਾਉਣਾ ਲਾਜ਼ਮੀ ਹੋਵੇਗਾ। ਸਭ ਤੋਂ ਸੌਖਾ ਤਰੀਕਾ ਬੀ ਸੀ ਵੈਕਸੀਨ ਕਾਰਡ ਦਿਖਾਉਣਾ ਹੈ। ਕੀ ਤੁਸੀਂ ਆਪਣੀ ਪਹਿਲੀ ਜਾਂ ਦੂਜੀ ਖੁਰਾਕ ਦਾ ਟੀਕਾ ਲਗਵਾ ਲਿਆ ਹੈ?

ਅੱਜ ਹੀ ਆਪਣਾ ਇਲੈਕਟਰੌਨਿਕ ਜਾਂ ਪੇਪਰ ਬੀ ਸੀ ਵੈਕਸੀਨ ਕਾਰਡ ਪ੍ਰਾਪਤ ਕਰੋ।

1

**Visit gov.bc.ca/vaccinecard 'ਤੇ ਜਾਓ।**

ਆਪਣਾ ਪਰਸਨਲ ਹੈਲਥ ਨੰਬਰ, ਜਨਮ ਮਿਤੀ ਅਤੇ ਟੀਕਾਕਰਣ ਦੀ ਮਿਤੀ ਦਰਜ ਕਰੋ।

2

**ਆਪਣਾ ਬੀ ਸੀ ਵੈਕਸੀਨ ਕਾਰਡ ਪ੍ਰਾਪਤ ਕਰੋ।**

ਇਸਨੂੰ ਆਪਣੇ ਮੋਬਾਈਲ 'ਤੇ ਸੇਵ ਕਰੋ ਜਾਂ ਪ੍ਰਿੰਟ ਕਰੋ।

3

**ਆਪਣਾ ਬੀ ਸੀ ਵੈਕਸੀਨ ਕਾਰਡ ਤਿਆਰ ਰੱਖੋ।**

ID ਨਾਲ ਦਿਖਾਓ।

**ਹੋਰ ਮਦਦ ਦੀ ਲੋੜ ਹੈ? ਕਿਸੇ ਦੋਸਤ ਜਾਂ ਪਰਿਵਾਰਕ ਮੈਂਬਰ ਨੂੰ ਆਪਣਾ ਕਾਰਡ ਪ੍ਰਿੰਟ ਕਰਨ ਲਈ ਕਹੋ ਜਾਂ ਆਪਣਾ ਕਾਰਡ ਡਾਕ ਰਾਂਹੀ ਮੰਗਵਾਉਣ ਲਈ 1-833-838-2323 'ਤੇ ਫੋਨ ਕਰੋ।**

BRITISH COLUMBIA

# ਅਮਰਿੰਦਰ ਕਹਿੰਦਾ ਡਰਾਮਾ ਮਾਸਟਰ ਨਵਜੋਤ ਸਿੱਧੂ ਨੂੰ ਮੈਂ ਮੁੱਖ ਮੰਤਰੀ ਨਹੀਂ ਬਣਨ ਦਿਆਂਗਾ

## 'ਤੁਹਾਡੀ ਸਰਕਾਰ ਹੈ, ਫੜ ਲਓ ਬਾਦਲ-ਮਜੀਠੀਆ, ਕੌਣ ਰੋਕਦੈ-ਕੈਪਟਨ

ਚੰਡੀਗੜ੍ਹ- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਇੱਕ ਵਾਰ ਫਿਰ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਉੱਤੇ ਜ਼ੋਰਦਾਰ ਨਿਸ਼ਾਨਾ ਸੇਧਿਆ ਹੈ। ਕੈਪਟਨ ਅਮਰਿੰਦਰ ਸਿੰਘ ਵੱਲੋਂ ਉਨ੍ਹਾਂ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਨੇ ਅੱਜ ਟਵੀਟ ਰਾਹੀਂ ਨਵਜੋਤ ਸਿੰਘ ਸਿੱਧੂ ਵਿਰੁੱਧ ਕੈਪਟਨ ਦਾ ਬਿਆਨ ਜਾਰੀ ਕੀਤਾ ਹੈ ਕਿ ਨਵਜੋਤ ਸਿੱਧੂ 'ਸੁਪਰ ਮੁੱਖ ਮੰਤਰੀ' ਵਾਂਗ ਵਿਹਾਰ ਕਰਦਾ ਹੈ ਤੇ ਇਸ ਨਾਲ ਪੰਜਾਬ ਦੀ ਕਾਂਗਰਸ ਕਮਜ਼ੋਰ ਹੋ ਰਹੀ ਹੈ।ਨਵਜੋਤ ਸਿੰਘ ਸਿੱਧੂ ਨੂੰ ਡਰਾਮਾ ਮਾਸਟਰ ਕਹਿ ਕੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ 'ਇਸ ਡਰਾਮਾ ਮਾਸਟਰ ਦੀ ਅਗਵਾਈ ਵਿੱਚ ਕਾਂਗਰਸ ਲਈ ਪੰਜਾਬ ਚੋਣਾਂ ਵਿੱਚ ਦੋਹਰੇ ਅੰਕੜੇ ਨੂੰ ਛੂਹਣਾ ਵੀ ਵੱਡੀ ਗੱਲ ਹੋਵੇਗੀ। ਉਨ੍ਹਾਂ ਕਿਹਾ ਕਿ ਉਹ ਨਵਜੋਤ ਸਿੰਘ ਸਿੱਧੂ ਨੂੰ ਮੁੱਖ ਮੰਤਰੀ ਬਣਨ ਤੋਂ ਰੋਕਣ ਲਈ ਹਰ ਕੁਰਬਾਨੀ ਲਈ ਤਿਆਰ ਹਨ। ਉਨ੍ਹਾਂ ਇਹ ਵੀ ਕਿਹਾ ਕਿ ਉਹ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਿੱਧੂ ਦੇ ਵਿਰੁੱਧ ਇੱਕ ਮਜ਼ਬੂਤ ਉਮੀਦਵਾਰ ਖੜਾ ਕਰਨਗੇ। ਉਨ੍ਹਾਂ ਦੇ ਇਸ ਬਿਆਨ ਨੇ ਚਰਚਾ ਛੇੜ ਦਿੱਤੀ ਹੈ ਕਿ ਕੀ ਕੈਪਟਨ ਅਮਰਿੰਦਰ ਸਿੰਘ ਨਵੀਂ ਪਾਰਟੀ ਬਣਾਉਣਗੇ। ਉਨ੍ਹਾਂ ਇਹ ਵੀ ਕਿਹਾ ਕਿ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਮੇਰੇ ਬੱਚਿਆਂ ਵਰਗੇ ਹਨ, ਉਨ੍ਹਾਂ ਨੂੰ ਮੇਰੇ ਨਾਲ ਇਹ ਸਲੂਕ ਨਹੀਂ ਕਰਨਾ ਚਾਹੀਦਾ ਸੀ। ਕੈਪਟਨ ਨੇ ਕਿਹਾ ਕਿ ਗਾਂਧੀ ਪਰਿਵਾਰ ਦੇ ਬੱਚਿਆਂ ਨੂੰ ਖਾਸ ਤਜਰਬਾ ਨਹੀਂ ਅਤੇ ਉਨ੍ਹਾਂ ਦੇ ਸਲਾਹਕਾਰ ਉਨ੍ਹਾਂ ਨੂੰ ਗੁੰਮਰਾਹ ਕਰਦੇ ਹਨ। ਉਨ੍ਹਾ ਕਿਹਾ ਕਿ ਉਨ੍ਹਾਂ ਨੇ ਤਿੰਨ ਹਫਤੇ ਪਹਿਲਾਂ ਸੋਨੀਆ ਗਾਂਧੀ ਨੂੰਅਸਤੀਫੇ ਦੀ ਪੇਸ਼ਕਸ਼ ਕੀਤੀ ਤਾਂ ਸੋਨੀਆ ਗਾਂਧੀ ਨੇ ਨਹੀਂ ਲਿਆ ਉਨ੍ਹਾ ਕਿਹਾ ਕਿ ਮੈਨੂੰ ਬੁਲਾ ਕੇ ਅਸਤੀਫਾ ਦੇਣ ਨੂੰ ਕਹਿੰਦੇ ਤਾਂ ਮੈਂ ਦੇ ਦਿੰਦਾ ਅਤੇ ਮੈਂ ਇਹ ਕਦਮ ਇੱਕ ਸਿਪਾਹੀ ਵਾਂਗ ਚੁੱਕਦਾ। ਇਸ ਦੌਰਾਨ ਇੱਕ ਟੀ ਵੀ ਚੈਨਲ ਨਾਲ ਇੰਟਰਵਿਊ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸੀ ਲੀਡਰਾਂ ਬਾਰੇ ਕਿਹਾ ਕਿ 'ਉਹ ਚਾਹੁੰਦੇ ਸਨ ਕਿ ਮੈਂ ਬਿਕਰਮ ਸਿੰਘ ਮਜੀਠੀਏ ਨੂੰ ਅੰਦਰ ਕਰਾਂ, ਮੈਂ ਕਿਵੇਂ ਕਰ ਦੇਵਾਂ ਜਾਂ ਬਹਿਬਲ ਕਲਾਂ, ਕੋਟਕਪੂਰਾ, ਬਰਗਾੜੀਕੇਸ ਵਿੱਚ ਬਾਦਲਾਂ ਨੂੰ ਅੰਦਰ ਕਰ ਦੇਵਾਂ। ਕਾਨੂੰਨ ਨਾਂ ਦੀ ਵੀ ਕੋਈ ਚੀਜ਼ ਹੈ, ਮੈਂ ਕਾਨੂੰਨ ਮੁਤਾਬਕ ਕੰਮ ਕਰ ਰਿਹਾ ਸੀ। ਅੱਜ ਉਨ੍ਹਾਂ ਦੀ ਸਰਕਾਰ ਹੈ। ਫੜ ਲ? ਬਾਦਲ ਨੂੰ, ਫੜ ਲਓ ਮਜੀਠੀਏ ਨੂੰ, ਕੌਣ ਰੋਕਦਾ ਹੈ, ਜਾਓ ਤੇ ਬਾਦਲਾਂ ਅਤੇ ਮਜੀਠੀਏ ਨੂੰ ਕਰੋ ਅੰਦਰ।ਅੱਜ ਅੰਮ੍ਰਿਤਸਰ ਵਿਚ ਚੰਨੀ ਤੋਂਪੁੱਛਿਆ ਗਿਆ ਕਿ ਬਾਦਲਾਂ ਦਾ ਕੀ ਕਰੋਗੇ ਤਾਂ ਉਨ੍ਹਾਂ ਕਿਹਾ ਕਿ ਉਹ ਸਾਡੇ ਭਰਾ ਹਨ, ਫੜ ਲ? ਭਰਾ ਨੂੰ ਜਾ ਕੇ। ਬਹਿਬਲ ਕਲਾਂ, ਕੋਟਕਪੂਰਾ, ਬਰਗਾੜੀ, ਜਵਾਹਰਕੇ ਕੇਸ ਵਿਚ 4 ਵੱਖ-ਵੱਖ ਜਾਂਚ ਟੀਮਾਂ (ਐੱਸ ਆਈ ਟੀਜ਼) ਕੰਮ ਕਰ ਰਹੀਆਂ ਹਨ।19 ਲੋਕ ਫੜੇ ਤਾਂ ਉਹ ਜ਼ਮਾਨਤ ਉੱਤੇ ਬਾਹਰ ਹਨ। ਡਰੱਗਜ਼ ਸਮੱਗਲਿੰਗ ਵਿਚ 66000 ਫੜੇ, 42000 ਜੇਲ੍ਹਾਂ ਵਿਚ ਹਨ। 5 ਕਿੰਗਪਿਨ ਵਿਦੇਸ਼ ਵਿੱਚੋਂ ਫੜ ਕੇ ਲਿਆਂਦੇ। ਉਨ੍ਹਾਂ ਨੂੰ ਅਸੀਂ ਕੇਂਦਰ ਦੀ ਮਦਦ ਤੋਂ ਬਿਨਾਂ ਨਹੀਂ ਲਿਆ ਸਕਦੇ ਸੀ। ਕੁਝ ਲੋਕ ਕਹਿੰਦੇ ਹਨ ਕਿ ਮੈਂ ਕੇਂਦਰ ਨੂੰ ਜਾ ਕੇ ਮਿਲਦਾ ਸੀ, ਪਰ ਕੇਂਦਰ ਦੀ ਮਦਦ ਬਿਨਾਂ ਕਿਹੜਾ ਰਾਜ ਕੰਮ ਕਰ ਸਕਦਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਚੰਨੀ ਵਧੀਆ ਇਨਸਾਨ ਹਨ, ਸਿੱਧੂ ਤੋਂ 100 ਗੁਣਾ ਬਿਹਤਰ ਹਨ, ਸਾਢੇ 4 ਸਾਲਾਂ ਵਿਚ ਮੈਂ ਆਪਣੀ ਕੈਬਨਿਟ ਤੋਂ ਇੱਕ ਮੰਤਰੀ ਡਰਾਪ ਕੀਤਾ ਤੇ ਉਹ ਸਿੱਧੂ ਸੀ। ਉਹ ਅਯੋਗ ਸਾਬਤ ਹੋਇਆ। ਉਸ ਦੇ ਲੋਕਲ ਬਾਡੀਜ਼ ਵਿਭਾਗ ਵਿਚ 7 ਮਹੀਨੇ ਫਾਈਲਾਂ ਬਿਨਾਂ ਨਿਪਟਾਰੇ ਹੀਪਈਆਂ ਰਹੀਆਂ। ਉਹ ਸਾਡੇ ਲਈ ਬਹੁਤ ਅਹਿਮ ਵਿਭਾਗ ਸੀ, ਸ਼ਹਿਰਾਂ ਦਾ ਵਿਕਾਸ ਉਸ ਕੋਲ ਹੈ। ਇਸ ਲਈ ਮੈਨੂੰ ਸਿੱਧੂ ਨੂੰ ਕੱਢ ਕੇ ਬ੍ਰਹਮ ਮਹਿੰਦਰਾ ਨੂੰ ਵਿਭਾਗ ਦੇਣਾ ਪਿਆ। ਬਾਕੀ ਮੰਤਰੀ ਕਿਉਂ ਠੀਕ ਚੱਲੇ ਅਤੇ ਇਕੱਲਾ ਸਿੱਧੂ ਕਿਉਂ ਨਹੀਂ, ਕਿਉਂਕਿ ਉਸਦੀ ਯੋਗਤਾ ਨਹੀਂ ਹੈ। ਉਹ ਇੱਕ ਵਿਭਾਗ ਤਾਂ ਚਲਾ ਨਹੀਂ ਸਕਿਆ, ਪੂਰਾ ਪੰਜਾਬ ਕਿਵੇਂ ਚਲਾਏਗਾ?











# THANK YOU

## TO MY CONSTITUENTS OF SURREY-NEWTON!




I am honoured to once again have the opportunity to represent your interests, listen to your concerns and assist with any issues that you or your family encounter.

I could not have done this without the amazing contributions of my Team Dhaliwal volunteers, whose support was instrumental to this campaign.

It's time to get to work for Surrey-Newton. Your trust in me means the world, and I once again commit to living up to it.

Sukh



## SUKH DHALIWAL

MEMBER OF PARLIAMENT FOR SURREY-NEWTON



# ‘ਅਣਜੰਮੀ ਧੀ ਦੀ ਪੁਕਾਰ’ ਗੀਤ ਦੇ ਰਚੇਤਾ ਬਲਿਹਾਰ ਸਿੰਘ ਲੇਹਲ ਨਾਲ ਵਿਸ਼ੇਸ਼ ਮਿਲਣੀ

ਸਰੀ, (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਜਰਨੈਲ ਆਰਟਸ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਸਹਿਯੋਗ ਨਾਲ ਸਿਆਟਲ ਤੋਂ ਆਏ ਪੰਜਾਬੀ ਗੀਤਕਾਰ ਬਲਿਹਾਰ ਸਿੰਘ ਲੇਹਲ ਨਾਲ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿਚ ਬਲਿਹਾਰ ਸਿੰਘ ਲੇਹਲ ਦੇ ਚਰਚਿਤ ਗੀਤ "ਅਣਜੰਮੀ ਧੀ ਦੀ ਪੁਕਾਰ" ਦਾ ਪੋਸਟਰ ਰਿਲੀਜ਼ ਕੀਤਾ ਗਿਆ। ਪ੍ਰੋਗਰਾਮ ਦਾ ਆਗਾਜ਼ ਬੱਲਾ ਤੱਖਰ ਅਤੇ ਗੁਰਨਾਮ ਥਾਂਦੀ ਵੱਲੋਂ ਢੱਡ ਸਾਰੰਗੀ ਦੇ ਦਿਲਕਸ਼ ਸੰਗੀਤ ਨਾਲ ਪੇਸ਼ ਕੀਤੇ ਗੀਤ "ਮਾਂ ਤੇਰੇ ਤਿੰਨ ਪੁੱਤ ਨੀਂ ਰੱਸਾ ਚੁੰਮੀ ਜਾਂਦੇ ਨੇ" ਅਤੇ "ਸੰਦਲੀ ਪੈੜਾਂ ਕਰ ਗਿਆ ਕੋਈ ਸਾਡੇ ਵਿਹੜੇ" ਨਾਲ ਹੋਇਆ। ਮੋਹਨ ਗਿੱਲ ਨੇ ਸਾਰਿਆਂ ਦਾ ਸਵਾਗਤ ਕਰਦਿਆਂ ਬਲਿਹਾਰ ਲੇਹਲ ਨਾਲ ਸੰਖੇਪ ਜਾਣ ਪਛਾਣ ਕਰਵਾਈ। ਬਲਿਹਾਰ ਲੇਹਲ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਵੈਨਕੂਵਰ ਦੇ ਸਾਹਿਤਕ ਮਿੱਤਰਾਂ ਵੱਲੋਂ ਹਰ ਵਾਰ ਬੜਾ ਮਾਣ ਸਤਿਕਾਰ ਦਿੱਤਾ ਜਾਂਦਾ ਹੈ ਜਿਸ ਲਈ ਉਹ ਸਭਨਾਂ ਦਾ ਬੇਹੱਦ ਰਿਣੀ ਹੈ। "ਅਣਜੰਮੀ ਧੀ ਦੀ ਪੁਕਾਰ" ਗੀਤ ਰਿਕਾਰਡ ਕਰਵਾਉਣ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਗੀਤ ਕਾਫੀ ਸਾਲ ਪਹਿਲਾਂ ਲਿਖਿਆ ਸੀ ਪਰ ਉਨ੍ਹਾਂ ਦੇ ਉਸਤਾਦ ਹਰਦਿਆਲ ਚੀਮਾ ਨੇ ਇਸ ਗੀਤ ਨੂੰ ਰਿਕਾਰਡ ਕਰਵਾਉਣ ਲਈ ਪ੍ਰੇਰਿਆ। ਬਹੁਤ ਹੀ ਭਾਵੁਕ ਲਹਿਜ਼ੇ ਵਿਚ ਉਨ੍ਹਾਂ ਕਿਹਾ ਕਿ ਜੇ ਇਹ ਗੀਤ ਸੁਣ ਕੇ ਕਿਸੇ ਇਕ ਬੱਚੀ ਦੀ ਵੀ ਜਾਨ ਬਚ ਗਈ ਤਾਂ ਮੈਂ ਸਮਝਾਂਗਾ ਕਿ ਮੇਰੀ ਕੋਸ਼ਿਸ਼, ਮੇਰੀ ਮਿਹਨਤ ਸਫਲ ਹੋਈ ਹੈ ਕਿਉਂਕਿ ਅਸੀਂ ਹੁਣ ਤੱਕ ਪਤਾ ਨਹੀਂ ਕਿੰਨੀਆਂ ਬੱਚੀਆਂ ਨੂੰ ਕੁੱਖ ਵਿਚ ਹੀ ਕਤਲ ਕਰ ਚੁੱਕੇ ਹਾਂ। ਉਨ੍ਹਾਂ ਅਣਜੰਮੀਆਂ ਬੱਚੀਆਂ ਵਿਚ ਪਤਾ ਕਿੰਨੀ ਕੁ ਪ੍ਰਤਿਭਾ ਹੋਣੀ ਸੀ ਅਤੇ ਕਿੰਨੀਆਂ ਨੇ ਕਲਪਨਾ ਚਾਵਲਾ ਬਣਨਾ ਸੀ, ਮਾਈ ਭਾਗੋ ਬਣਨਾ ਸੀ ਜਾਂ ਝਾਂਸੀ ਦੀ ਰਾਣੀ ਹੋਣਾ ਸੀ। ਉਨ੍ਹਾਂ ਪੰਜਾਬੀ ਲਿਖਾਰੀ ਸਭਾ ਸਿਆਟਲ ਅਤੇ ਆਪਣੀ ਧਰਮ ਪਤਨੀ ਜਸਵਿੰਦਰ ਕੌਰ ਦੇ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਦੀ ਹੱਲਾਸ਼ੇਰੀ ਨੇ ਉਸ ਦੀ ਰਚਨਾਤਿਮਕ ਕਲਾ ਨੂੰ ਨਿਖਾਰਨ ਵਿਚ ਅਹਿਮ ਭੂਮਿਕਾ ਅਦਾ ਕੀਤੀ ਹੈ। ਇਸ ਮੌਕੇ ਗੀਤ "ਅਣਜੰਮੀ ਧੀ ਦੀ ਪੁਕਾਰ" ਸੁਣਨ ਉਪਰੰਤ ਇਸ ਗੀਤ ਉਪਰ ਆਪਣੇ ਵਿਚਾਰ ਪੇਸ਼ ਕਰਦਿਆਂ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਚਿੱਤਰਕਾਰ ਜਰਨੈਲ ਸਿੰਘ, ਸ਼ਾਇਰ ਕਵਿੰਦਰ ਚਾਂਦ, ਗੁਰਦੀਪ ਭੁੱਲਰ, ਹਰਦਮ ਸਿੰਘ ਮਾਨ, ਹਰਕੰਵਲਜੀਤ ਸਿੰਘ ਸਾਹਿਲ, ਆਇਆ ਸਿੰਘ ਸਾਹਿਲ, ਬਿੱਲਾ ਤੱਖਰ, ਗੁਰਨਾਮ ਥਾਂਦੀ, ਬਿੰਦਰ ਰੋਡ, ਇੰਦਰਜੀਤ ਰੋਡੇ, ਜਿੰਦਰ ਕੂਨਰ ਅਤੇ ਗੁਰਸਾਹਿਬ ਕੂਨਰ ਨੇ ਕਿਹਾ ਕਿ ਬੇਸ਼ੱਕ ਗੀਤ ਦਾ ਵਿਸ਼ਾ ਪੁਰਾਣਾ ਹੈ ਪਰ ਇਸ ਦੀ ਅੱਜ ਵੀ ਇਸ ਦੀ ਬੜੀ ਮਹੱਤਤਾ ਹੈ ਕਿਉਂਕਿ ਅਸੀਂ ਆਧੁਨਿਕ ਯੁਗ ਵਿਚ ਵੀ ਕੁੱਖ 'ਚ ਧੀਆਂ ਮਾਰਨ ਦੇ ਕਲੰਕ ਨੂੰ ਅਜੇ ਤੱਕ ਧੋ ਨਹੀਂ ਸਕੇ। ਅੱਜ ਵੀ ਅਜਿਹੇ ਬਥੇਰੇ ਲੋਕ ਹਨ ਜਿਨ੍ਹਾਂ ਦੀ ਮਾਨਸਿਕਤਾ ਆਪਣੇ ਘਰ ਧੀ ਦਾ ਪੈਦਾ ਹੋਣਾ ਨਹੀਂ ਜਰਦੀ। ਇਸ ਮੌਕੇ ਕਾਮਨਾ ਕੀਤੀ ਗਈ ਕਿ ਉਹ ਸਮਾਂ ਜਲਦੀ ਆਵੇ ਜਦੋਂ ਇਸ ਪੁਰਾਣੇ ਵਿਸ਼ੇ ਨੂੰ ਸਦੀਵੀ ਤੌਰ ਤੇ ਭੁੱਲ ਜਾਈਏ। ਇਸ ਗੀਤ ਨੂੰ ਆਪਣੀ ਸੁਰੀਲੀ ਆਵਾਜ਼ ਰਾਹੀਂ ਲੋਕਾਂ ਤੀਕ ਪੁਚਾਉਣ ਲਈ ਗਾਇਕ ਅਮਰ ਸਿੰਘ ਲਿੱਤਰਾਂ ਦੀ ਪ੍ਰਸੰਸਾ ਕੀਤੀ ਗਈ।



MORTGAGE
Fall in Love with
SPECIAL MORTGAGE RATES
1.30%*
(5 Yrs. VIRM closed -30 Yrs. Amortization)
If you are paying More than 1.30%
Call us NOW to Lower your Rate!
Raj Gill has
"NO STRESS TEST MORTGAGE*"
Quick Approval to Purchase in 2 to 3 days. Qualify for Bigger Mortgage with Less income.
RAJ GILL, AMP
Unit 200-6330 Fraser St, Vancouver. @47 Ave & Fraser St
604 564 1000
Superior Mortgage
The Banking Alternative
SHARNJIT GILL, AMP
Unit 244 8138 128 St, Surrey. www.quickapproval.ca
604 507 1000

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com
KULDIP S PANESAR
Senior Mortgage Advisor
Cell: 604-308-6839

SHER TALIB NOTARY PUBLIC
ਨੋਟਰੀ ਪਬਲਿਕ
NOTARIZATIONS
• Affidavits
• Invitation Letters
• Travel Consent Letters
• Statutory Declarations
• Sales & Purchase
• Family Transfer
• Refinancing
• Business Assets Sale Purchase
• Easements, Restrictive Covenants
• Wills & Estate Planning
• Power of Attorney
ਨੋਟਰੀ ਪਬਲਿਕ
• ਰਿਅਲ ਅਸਟੇਟ ਦੀ ਖ਼ਰੀਦ ਅਤੇ ਵੇਚ
• ਇਕਰਾਰਨਾਮਾ ਅਤੇ ਹੋਰ ਨੋਟਰੀ ਸੇਵਾਵਾਂ
• ਵਸੀਅਤਨਾਮਾ
• ਪਾਵਰ ਆਫ ਅਟੌਰਨੀ
• ਮੌਰਟਗੇਜ਼ ਦੀ ਡਾਕੂਮੈਂਟੇਸ਼ਨ
• ਨੋਟਰੀਜ਼ੇਸ਼ਨ
• ਐਫੀਡੇਵਿਟ
BC Notaries
A TRUSTED TRADITION
Services offered in Punjabi, Hindi & English
Sher Talib
M.A (Eco), M.A (ALS)
P: 604-501-9120
F: 604-501-9121
7935 120th Street
Delta BC, V4C 6P6
Email: sher@shernotary.com | www.shernotary.com




# ਚਮੜੀ ਨੂੰ ਮੁਲਾਇਮ ਬਣਾਉਂਦਾ ਹੈ ਪਪੀਤਾ



ਕਈ ਵਿਸ਼ੇਸ਼ ਗੁਣਾਂ ਨਾਲ ਭਰਪੂਰ ਹੋਣ ਕਾਰਨ ਪਪੀਤੇ ਨੂੰ ਫਰਿਸ਼ਤਿਆਂ ਦਾ ਖਾਣਾ ਵੀ ਕਿਹਾ ਜਾਂਦਾ ਹੈ। ਇਹ ਵਿਟਾਮਿਨ ਏ, ਬੀ, ਸੀ, ਪੋਟਾਸ਼ੀਅਮ , ਕਾਪਰ, ਮੈਗਨੀਸ਼ੀਅਮ ਨਾਲ ਭਰਪੂਰ ਐਂਟੀ ਆਕਸੀਡੈਂਟ ਹੁੰਦਾ ਹੈ। ਇਸ 'ਚ ਪਪੇਨ ਨਾਂ ਦਾ ਐਨਜ਼ਾਈਮ ਹੁੰਦਾ ਹੈ, ਜੋ ਚਮੜੀ ਦੇ ਮ੍ਰਿਤਕ ਸੈੱਲਾਂ ਨੂੰ ਮੁਲਾਇਮ ਤੇ ਹਟਾਉਣ 'ਚ ਮਦਦਗਾਰ ਸਾਬਤ ਹੁੰਦਾ ਹੈ। ਇਸ ਨਾਲ ਚਮੜੀ ਚਮਕੀਲੀ ਤੇ ਸਾਫ਼ ਬਣ ਜਾਂਦੀ ਹੈ। ਪਪੀਤੇ ਦੀ ਲਗਾਤਾਰ ਵਰਤੋਂ ਨਾਲ ਚਮੜੀ ਦੀ ਰੰਗਤ 'ਚ ਨਿਖਾਰ ਆਉਂਦਾ ਹੈ। ਪੱਕੇ ਪਪੀਤੇ ਦੇ ਗੁੱਦੇ ਨੂੰ ਚਿਹਰੇ 'ਤੇ ਲਾਇਆ ਜਾ ਸਕਦਾ ਹੈ। ਪਪੀਤੇ ਦੇ ਗੁੱਦੇ ਨੂੰ ਜੌਂ ਦੇ ਆਟੇ, ਦਹੀਂ ਤੇ ਸ਼ਹਿਦ ਮਿਲਾ ਕੇ ਫੇਸ ਮਾਸਕ ਤਿਆਰ ਕੀਤਾ ਜਾਂਦਾ ਹੈ। ਇਸ ਫੇਸ ਮਾਸਕ ਨੂੰ ਚਿਹਰੇ 'ਤੇ ਲਾਉਣ ਤੋਂ 20-30 ਮਿੰਟ ਬਾਅਦ ਚਿਹਰੇ ਨੂੰ ਤਾਜ਼ੇ ਪਾਣੀ ਨਾਲ ਧੋ ਦਿਓ। ਪਪੀਤੇ ਦੇ ਗੁੱਦੇ ਨੂੰ ਦਹੀਂ 'ਚ ਮਿਲਾ ਕੇ ਇਸ ਨੂੰ ਸਰੀਰ 'ਤੇ ਵੀ ਲਾਇਆ ਜਾ ਸਕਦਾ ਹੈ। ਦੋ ਚਮਚ ਪਪੀਤੇ ਦੇ ਗੁੱਦੇ 'ਚ ਇਕ ਚਮਚ ਗਲਿਸਰੀਨ ਤੇ ਮਿਲਕ ਪਾਊਡਰ, ਦੋ ਚਮਚ ਅਨਾਨਾਸ ਜੂਸ ਮਿਲਾ ਕੇ ਪੈਕ ਬਣਾ ਲਓ। ਇਸ ਪੈਕ ਨੂੰ ਅੱਧੇ ਘੰਟੇ ਤਕ ਚਿਹਰੇ 'ਤੇ ਲਾ ਕੇ ਕੋਸੇ ਪਾਣੀ ਨਾਲ ਧੋ ਲਓ। ਇਹ ਚਿਹਰੇ ਦੀ ਰੰਗਤ 'ਚ ਨਿਖਾਰ ਪੈਦਾ ਕਰੇਗਾ ਤੇ ਤੁਹਾਡੀ ਚਮੜੀ ਨੂੰ ਕੁਦਰਤੀ ਪੋਸ਼ਣ ਦਿੰਦਾ ਹੋਇਆ ਨਮੀ ਪ੍ਰਦਾਨ ਕਰਦਿਆਂ ਮ੍ਰਿਤਕ ਸੈੱਲਾਂ ਨੂੰ ਹਟਾਉਣ 'ਚ ਮਦਦ ਕਰੇਗਾ।





# ਸੰਤਰੇ ਨਾਲ ਜਵਾਨੀ ਰਹੇਗੀ ਬਰਕਰਾਰ

ਸੰਤਰੇ ਦਾ ਰਸ ਤੇ ਛਿਲਕਾ ਦੋਵੇਂ ਕਾਫ਼ੀ ਉਪਯੋਗੀ ਮੰਨੇ ਜਾਂਦੇ ਹਨ। ਦੋ ਸੰਤਰੇ ਦੇ ਛਿਲਕੇ, ਇਕ ਚਮਚ ਦੁੱਧ ਤੇ ਭੁੰਨੀ ਹੋਈ ਮਸਰ ਦੀ ਦਾਲ ਨੂੰ ਮਿਲਾ ਕੇ ਵੱਡੇ ਪੇਸਟ ਨੂੰ ਚਿਹਰੇ ਤੇ ਖੁੱਲ੍ਹੀ ਚਮੜੀ 'ਤੇ ਹਫ਼ਤੇ 'ਚ ਦੋ ਵਾਰ ਲਾਉਣ ਨਾਲ ਚਿਹਰੇ ਦੀ ਰੰਗਤ 'ਚ ਨਿਖਾਰ ਆਉਂਦਾ ਹੈ। ਇਕ ਗਿਲਾਸ ਸੰਤਰੇ ਦੇ ਜੂਸ ਦੀ ਲਗਾਤਾਰ ਵਰਤੋਂ ਨਾਲ ਸਰੀਰ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਵਧਦੀ ਹੈ ਤੇ ਜਵਾਨੀ ਬਰਕਰਾਰ ਰਹਿੰਦੀ ਹੈ। ਸੰਤਰੇ ਦੇ ਛਿਲਕਿਆ 'ਚ ਸਿਟਰਿਕ ਐਸਿਡ ਹੁੰਦਾ ਹੈ, ਜੋ ਚਮੜੀ ਦੇ ਬੰਦ ਰੋਮਾਂ ਨੂੰ ਖੋਲ੍ਹ ਕੇ ਚਿਹਰੇ ਦੀ ਰੰਗਤ ਨੂੰ ਨਿਖਾਰਦਾ ਹੈ। ਸੰਤਰੇ ਦੇ ਰਸ ਨੂੰ ਸਿੱਧਾ ਵੀ ਚਿਹਰੇ 'ਤੇ ਲਾਇਆ ਜਾ ਸਕਦਾ ਹੈ।

## ਰਸੋਈ

### ਸਾਬੂਦਾਨੇ ਦੇ ਪਾਪੜ



**ਸਮੱਗਰੀ :** 500 ਗ੍ਰਾਮ ਸਾਬੂਦਾਨਾ, ਹਿੰਗ, ਜ਼ੀਰਾ, ਮਿਰਚ, ਨਮਕ ਸਵਾਦ ਅਨੁਸਾਰ।

**ਵਿਧੀ :** ਸਾਬੂਦਾਨੇ ਨੂੰ 4-5 ਘੰਟੇ ਭਿਉਂ ਕੇ ਰੱਖੋ। ਜਦੋਂ ਗਲ ਜਾਣ, ਉਦੋਂ ਗਰਮ ਉਬਲਦੇ ਪਾਣੀ ਵਿਚ ਪਾ ਕੇ ਗਾੜ੍ਹਾ ਹੋਣ ਤੱਕ ਉਬਾਲਦੇ ਰਹੋ। ਏਨਾ ਗਾੜ੍ਹਾ ਹੋ ਜਾਵੇ ਕਿ ਚਮਚ ਨਾਲ ਪਾ ਸਕੋ ਤਾਂ ਨਮਕ ਪਾ ਕੇ ਅੱਗ ਤੋਂ ਲਾਹ ਲਵੋ। ਪੋਲੀਥੀਨ 'ਤੇ ਵੱਡੀ ਚਮਚ ਨਾਲ ਪਾਉਂਦੇ ਜਾਓ, ਗੋਲ-ਗੋਲ ਕੁਰਕੁਰੇ ਪਾਪੜ ਤਿਆਰ ਹਨ।

### ਆਲੂਆਂ ਦੇ ਪਾਪੜ



**ਸਮੱਗਰੀ :** ਆਲੂ 500 ਗ੍ਰਾਮ, ਨਮਕ, ਲਾਲ ਮਿਰਚ, ਹਿੰਗ, ਜ਼ੀਰਾ ਸਵਾਦ ਅਨੁਸਾਰ।

**ਵਿਧੀ :** ਆਲੂਆਂ ਨੂੰ ਉਬਾਲ ਲਓ ਤੇ ਛਿਲ ਲਓ, ਫਿਰ ਫੇਂਹ ਲਓ। ਫੇਂਹੇ ਹੋਏ ਆਲੂਆਂ ਵਿਚ ਨਮਕ, ਹਿੰਗ, ਮਿਰਚ ਅਤੇ ਜ਼ੀਰਾ ਪਾ ਕੇ ਮਿਕਸ ਕਰ ਲਓ। ਹੁਣ ਪੀਠੀ ਦੇ ਗੋਲ-ਗੋਲ ਪੇੜਿਆਂ ਨੂੰ ਵੇਲ ਕੇ ਤੇਲ ਨਾਲ ਚੋਪੜ ਕੇ ਧੁੱਪ ਵਿਚ ਸੁੱਕਣ ਲਈ ਰੱਖ ਦਿਓ। ਮਜ਼ੇਦਾਰ ਪਾਪੜ ਤਿਆਰ ਹਨ।

### ਧੋਤੇ ਮਾਂਹ ਦੀ ਦਾਲ ਦੇ ਪਾਪੜ




**ਸਮੱਗਰੀ :** ਅੱਧਾ ਕਿੱਲੋ ਧੋਤੇ ਮਾਂਹ ਦੀ ਦਾਲ ਦਾ ਆਟਾ, ਪੀਸੀ ਕਾਲੀ ਮਿਰਚ-15 ਗ੍ਰਾਮ, ਬੇਕਿੰਗ ਸੋਢਾ-5 ਗ੍ਰਾਮ, ਹਿੰਗ, ਜ਼ੀਰਾ, ਚੁਟਕੀ ਭਰ ਅਜਵਾਇਨ, ਥੋੜ੍ਹਾ ਜਿਹਾ ਸਰ੍ਹੋਂ ਦਾ ਤੇਲ, ਅੱਧੀ ਦਹੀਂ ਦੀ ਕੋਲੀ, ਨਮਕ ਸਵਾਦ ਅਨੁਸਾਰ।

**ਵਿਧੀ :** ਨਮਕ, ਬੇਕਿੰਗ ਸੋਢਾ, ਹਿੰਗ, ਕਾਲੀ ਮਿਰਚ ਆਦਿ ਨੂੰ ਪਾਣੀ ਵਿਚ ਘੋਲ ਲਓ, ਫਿਰ ਜ਼ੀਰਾ ਉਸ ਘੋਲ ਵਿਚ ਮਿਲਾ ਦਿਓ। ਫਿਰ ਉਸ ਦੇ ਪੇੜੇ ਬਣਾ ਕੇ ਪਾਪੜ ਵੇਲਣ ਵਾਲੇ ਵੇਲਣੇ ਨਾਲ ਵੇਲ ਲਓ। ਹੁਣ ਇਨ੍ਹਾਂ ਨੂੰ ਕੱਪੜੇ 'ਤੇ ਫੈਲਾ ਕੇ ਧੁੱਪ ਵਿਚ ਸੁਕਾਓ। ਲਓ, ਮਜ਼ੇਦਾਰ ਪਾਪੜ ਤਿਆਰ ਹਨ।

**ਉਪਰੋਕਤ** ਸਾਰੇ ਪਾਪੜਾਂ ਨੂੰ ਧੁੱਪ ਵਿਚ ਸੁਕਾਉਣ ਤੋਂ ਬਾਅਦ ਥੈਲੀਆਂ ਵਿਚ ਪੈਕ ਕਰ ਕੇ ਰੱਖ ਲਓ।






ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

## ਲੇਖਕ : ਹਰਚੰਦ ਸਿੰਘ ਬਾਗੜੀ




*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਹਾਕਮਾਂ ਦਾ ਮੰਦਾ ਵਰਤਾਰਾ

528 ਛਾਲਾਂ ਮਾਰ ਕੇ ਘੋੜਿਓਂ ਹੇਠ ਲੱਥੀ, ਟੋਲੀ ਹਾਕਮਾਂ ਦੀ ਡੰਡ ਪਾਉਣ ਲੱਗੀ।
ਸਲਵਾਰਾਂ ਕੁੜਤੇ, ਪੈਰੀ ਬੂਟ ਭਾਰੇ, ਮਾਤਾ ਗੁਜਰੀ ਤਾਈਂ ਧਮਕਾਉਣ ਲੱਗੀ।
ਕਾਫਰ-ਕੁੱਤਿਓ ਤੁਸੀਂ ਸਮਝਿਆ ਕੀ, ਗਾਲ੍ਹਾਂ ਗੰਦੀਆਂ ਮੂੰਹੋਂ ਸੁਣਾਉਣ ਲੱਗੀ।
ਮੁਸ਼ਕਲ-ਮੌਤ ਹਨੇਰੀ ਹਰਚੰਦ ਸਿੰਘਾ, ਕਦੇ ਪੁੱਛੇ ਨਾ ਕਿਸੇ ਤੋਂ ਆਉਣ ਲੱਗੀ॥

### ਮਾਤਾ ਗੁਜਰੀ ਜੀ

529 ਮਾਤਾ ਗੁਜਰੀ ਕਹਿਣ ਹਾਕਮਾਂ ਨੂੰ, ਗੱਲ ਨਾਲ ਧਿਆਨ ਦੇ ਕਰੋ ਬੇਟਾ।
ਇੱਕ ਬੁੱਢੀ ਤੇ ਦੋ ਮਾਸੂਮ ਬੱਚੇ, ਸਾਡੇ ਕੋਲੋਂ ਇਨ੍ਹਾਂ ਨਾ ਡਰੋ ਬੇਟਾ।
ਮੈਂ ਥੋੜੀਆਂ ਮਾਵਾਂ ਦੀ ਮਾਂ ਵਰਗੀ, ਸ਼ਬਦ ਸੁਹਣੇ ਜ਼ੁਬਾਨ ਤੇ ਧਰੋ ਬੇਟਾ।
ਜਿਸ ਕੰਮ ਨੂੰ ਆਏ ਹਰਚੰਦ ਸਿੰਘਾ, ਇਨਸਾਨਾਂ ਵਾਂਙ ਉਸ ਨੂੰ ਕਰੋ ਬੇਟਾ॥

530 ਮੈਂ ਗੁਰੂ ਦਸਮੇਸ਼ ਦੀ ਹਾਂ ਮਾਤਾ, ਮਾਤਾ ਗੁਜਰੀ ਮੈਨੂੰ ਆਖਦੇ ਨੇ।
ਮੇਰੇ ਲਾਲ ਦੇ ਇਹ ਨੇ ਲਾਲ ਦੋਵੇਂ, ਸੁਹਣੇ ਫੁੱਲ ਇਹ ਮੇਰੀ ਸ਼ਾਖ਼ ਦੇ ਨੇ।
ਮੈਂ ਆਖਕੇ ਕਿਲ੍ਹਾ ਛੁਡਾਇਆ ਸੀ, ਮੇਰੇ ਨਾਲ ਇਹ ਮੁਸ਼ਕਲਾਂ ਝਾਖਦੇ ਨੇ।
ਥੋੜੇ ਬੱਚਿਆਂ ਜਿਹੇ ਹੀ ਇਹ ਬੱਚੇ, ਖਿੜੇ ਫੁੱਲ ਇਹ ਚੇਤ-ਵਿਸਾਖ ਦੇ ਨੇ॥

### ਕਵੀਓ ਵਾਚ

531 ਜਾਨੀ ਖ਼ਾਨ ਤੇ ਮਾਨੀ ਖ਼ਾਨ ਆਏ, ਹਾਕਮ ਇਹੇ ਮੁਰਿੰਡੇ ਸ਼ਹਿਰ ਦੇ ਨੇ।
ਬੇ-ਰਹਿਮ ਤੇ ਬੇਲਿਹਾਜ ਵਾਹਲੇ, ਜ਼ਾਲਮ-ਜ਼ਾਬਰ ਇਹ ਦੋਨੋਂ ਕਹਿਰ ਦੇ ਨੇ।
ਮਿੱਟੀ ਮਜਹਬ ਦੀ ਚੜ੍ਹੀ ਹੈ ਜ਼ਹਿਨ ਉਤੇ, ਦਿਲ ਭਰੇ ਕੌੜੀ ਜ਼ਹਿਰ ਦੇ ਨੇ।
ਹਰਚੰਦ ਸਿੰਘਾ ਇਕੋ ਦਿਸਾ ਵਗਦੇ, ਪਾਣੀ ਜਿਵੇਂ ਸਾਗਰ ਦੀ ਲਹਿਰ ਦੇ ਨੇ।

### ਜਾਨੀ ਖਾਂ ਮਾਨੀ ਖ਼ਾਂ

532 ਵਚਨ ਮਾਤਾ ਦੇ ਸੁਣ ਕੇ ਨਰਮ ਹੋਏ, ਅਸੀਂ ਕਰਨੇ ਆਂ ਤੇਰਾ ਸਤਿਕਾਰ ਮਾਤਾ।
ਜਾਨੀ ਖ਼ਾਂ ਤੇ ਮਾਨੀ ਖ਼ਾਂ ਨਾਮ ਸਾਡੇ, ਕਹੀਏ ਆਪ ਨੂੰ ਨਾਲ ਪਿਆਰ ਮਾਤਾ।
ਅਸੀਂ ਆਏ ਮੁਰਿੰਡੇ ਤੋਂ ਫੜਨ ਤੈਨੂੰ, ਛੇਤੀ ਕਰ ਤੇ ਹੋ ਤਿਆਰ ਮਾਤਾ।
ਹਰਚੰਦ ਸਿੰਘਾ ਰੱਥ ਤਿਆਰ ਖੜਾ, ਲੈ ਕੇ ਬੱਚਿਆਂ ਹੋ ਅਸਵਾਰ ਮਾਤਾ॥

### ਮਾਤਾ ਜੀ

533 ਕਹਿੰਦੇ ਮਾਤਾ ਜੀ ਪੁੱਤਰੋ ਅਰਜ ਮੇਰੀ, ਇਸ ਬੁੱਢੀ ਤੇ ਕਰਮ ਕਮਾ ਦੇਵੋ।
ਖੁਰਜੀ ਵਿੱਚ ਨੇ ਕੁੱਝ ਦਿਨਾਰ-ਗਹਿਣੇ, ਗੰਗਾ ਰਾਮ ਤੋਂ ਮੈਨੂੰ ਦਵਾ ਦੇਵੋ।
ਚੋਰੀ ਕਰ ਲਈ ਰਾਤ ਨੂੰ ਇਸ ਮੇਰੀ, ਕਿੱਥੇ ਰੱਖੀਆਂ ਛੇਤੀ ਮੰਗਵਾ ਦੇਵੋ।
ਸਜਾ ਚੋਰੀ ਦੀ ਜੋ ਸਰਕਾਰ ਲਾਏ, ਗੰਗਾ ਰਾਮ ਨੂੰ ਉਹ ਦਿਲਵਾ ਦੇਵੋ॥

### ਕਵੀਓ ਵਾਚ

534 ਗੰਗੂ ਸੋਚਦਾ ਬੈਠਾ ਖੁਰਲੀ ਤੇ, ਮੇਰੇ ਘਰੋਂ ਬਲਾ ਹੈ ਜਾਣ ਵਾਲੀ।
ਪੱਤਝੜ ਦਾ ਬਿਸਤਰਾ ਗੋਲ ਹੋਇਆ, ਮਹਿਕਾਂ ਭਰੀ ਬਹਾਰ ਹੈ ਆਣ ਵਾਲੀ।
ਮੇਰੇ ਬਾਰੇ-ਨਿਆਰੇ ਹੋਣ ਵਾਲੇ, ਅਮੀਰੀ ਘਰ ਹੈ ਮੇਰੇ ਮੁਸਕਾਣ ਵਾਲੀ।
ਹਰਚੰਦ ਸਿੰਘਾ ਮੂਰਖ ਨੂੰ ਇਲਮ ਨਾਹੀ, ਘੜੀ ਨੇੜੇ ਹੈ ਖਲੜੀ ਖਾਣ ਵਾਲੀ॥

### ਗੰਗਾ ਰਾਮ

535 ਗੱਲ ਸੁਣ ਕੇ ਗੰਗੂ ਚੀਖ ਪਿਆ, ਇਹ ਬੁੱਢੜੀ ਤੁਹਮਤਾਂ ਲਾਂਵਦੀ ਏ।
ਜਗਤ ਮਾਂ ਨੂੰ ਬੋਲਦਾ ਸ਼ਬਦ ਮਾੜੇ, ਲੱਜ ਉਸਨੂੰ ਰਤਾਨਾ ਆਂਵਦੀ ਏ।
ਮਾਂ ਗੰਗੂ ਦੀ ਗੰਗੂ ਨੂੰ ਕਹਿਣ ਲੱਗੀ, ਤੈਨੂੰ ਕੁੱਤਿਆਂ ਸ਼ਰਮ ਨਾ ਖਾਂਵਦੀ ਏ।
ਜੋ ਚੱਕਿਆ ਮੋੜ ਹਰਚੰਦ ਸਿੰਘਾ, ਜਗਤ ਮਾਤਾ ਸੱਚ ਫਰਮਾਂਵਦੀ ਏ॥

### ਜਾਨੀ ਖ਼ਾਂ

536 ਜਾਨੀ ਖ਼ਾਂ ਗੰਗੂ ਨੂੰ ਕਹਿਣ ਲੱਗਾ, ਜੋ ਚੁੱਕਿਆ ਛੇਤੀ ਮੋੜ ਮੀਆਂ।
ਤੂੰ ਮੇਰੇ ਗੁੱਸੇ ਨੂੰ ਜਾਣਦਾ ਨਹੀਂ, ਹੱਡ ਕੁੱਟ ਕੇ ਦੇਣਾ ਤੋੜ ਮੀਆਂ।
ਮੁਗਲ ਰਾਜ ਨਹੀਂ ਚੋਰਾਂ ਨੂੰ ਮਾਫ਼ ਕਰਦਾ, ਖ਼ੂਨ ਦੇਂਵਦਾ ਨਸੋਂ ਨਚੋੜ ਮੀਆਂ।
ਹਰਚੰਦ ਸਿੰਘਾ ਖ਼ੰਜਰ ਦੇ ਨਾਲ ਹੁਣੇ, ਲਊਂ ਕਾਲਜਾ ਤੇਰਾ ਘਰੋੜ ਮੀਆਂ॥

### ਗੰਗਾ ਰਾਮ

537 ਸਭ ਕੁੱਝ ਸੀ ਸਰਸਾ ਵਿੱਚ ਡੁੱਬਾ, ਕੋਲ ਰਿਹਾ ਨਾ ਕਿਸੇ ਦੇ ਕੱਖ ਸਾਈਂ।
ਵਫ਼ਾਦਾਰ ਮੈਂ ਮੁਗਲ ਸਰਕਾਰ ਦਾ ਹਾਂ, ਮੈਨੂੰ ਮੂਲ ਨਾ ਸਮਝੋਂ ਵੱਖ ਸਾਈਂ।
ਮੈਂ ਇਨ੍ਹਾਂ ਦੀ ਆਪ ਨੂੰ ਖਬਰ ਦਿੱਤੀ, ਹੁਣ ਲਓ ਨਾ ਇਨ੍ਹਾਂ ਦਾ ਪੱਖ ਸਾਈਂ।
ਹਰਚੰਦ ਸਿੰਘਾ ਲੈ ਕੇ ਰਾਹ ਪਵੋ, ਢੈਲ਼ੀ ਕਰੋ ਇਨ੍ਹਾਂ ਦੀ ਮੱਖ ਸਾਈਂ॥

### ਮਾਨੀ ਖ਼ਾਂ

538 ਮਾਨੀ ਖ਼ਾਂ ਸਿਪਾਹੀਆਂ ਨੂੰ ਕਹਿਣ ਲੱਗਾ, ਢਾਹ ਕੇ ਇਸਨੂੰ ਘੋਟਣਾ ਚਾੜ੍ਹ ਦੇਵੋ।
ਦੋ ਬੰਦੇ ਖੜ੍ਹ ਜੋ ਪੇਟ ਉਤੇ, ਨਾੜਾਂ ਅੰਦਰੋਂ ਸਾਰੀਆਂ ਪਾੜ ਦੇਵੋ।
ਖੰਜਰ ਲੈ ਕੇ ਅੱਖਾਂ ਨੋਚ ਕੱਢੋ, ਚਮੜੀ ਨਾਲ ਜ਼ਮੂਰਾਂ ਦੇ ਤੋੜ ਦੇਵੋ।
ਡੰਡੇ ਮਾਰ ਕੇ ਪਹਿਲਾਂ ਹਰਚੰਦ ਸਿੰਘਾ, ਗਰਦ ਝੂਠ ਦੀ ਸਾਰੀ ਝਾੜ ਦੇਵੋ॥

### ਗੰਗਾ ਰਾਮ ਦੀ ਖਿਚਾਈ

539 ਖੁਰਲੀ ਉਤੋਂ ਸਿਪਾਹੀਆਂ ਖਿੱਚ ਲਿਆ, ਵਿੱਚ ਬੀਹੀ ਦੇ ਲੰਬਾ ਪਾਇਆ ਏ।
ਸਾਰੇ ਪਿੰਡ ਨੇ ਵੇਖਿਆ ਚੜ੍ਹ ਕੋਠੇ, ਉਨ੍ਹਾਂ ਗੰਗੂ ਦਾ ਮੋਰ ਬਣਾਇਆ ਏ।
ਦੋ ਸਿਪਾਹੀ ਪਿੱਠ ਤੇ ਜਦ ਚੜ੍ਹੇ, ਉਸਦਾ ਕਾਲਜਾ ਮੂੰਹ ਨੂੰ ਆਇਆ ਏ।
ਹਰਚੰਦ ਸਿੰਘਾ ਲੱਤਾਂ ਤੇ ਫੇਰ ਮੂਹਲਾ, ਉਸਨੂੰ ਰੋਟੀ ਵਾਂਗ ਵਧਾਇਆ ਏ॥

### ਗੰਗੂ ਦੀਆਂ ਬਹੁੜੀਆਂ

540 ਸਜਾ ਪਾਪ ਦੀ ਉਸਨੂੰ ਥੈਂ ਮਿਲੀ, ਹੱਥ ਜੋੜ ਦੁਹਾਈਆਂ ਪਾਂਵਦਾ ਏ।
ਕਹਿੰਦਾ ਛੱਡੋ ਹੁਣੇ ਲਿਆ ਦੇਨਾਂ, ਗੰਗੂ ਰਤੀ ਦੇਰ ਨਾ ਲਾਂਵਦਾ ਏ।
ਕੁਰਲੀ ਖ਼ੂਨ ਦੀ ਮੂੰਹ 'ਚੋਂ ਥੁੱਕ ਪਾਪੀ, ਹੱਥ ਜੋੜ ਕੇ ਭੁੱਲ ਬਖ਼ਸ਼ਾਂਵਦਾ ਏ।
ਹਰਚੰਦ ਸਿੰਘਾ ਮਿੱਟੀ 'ਚੋਂ ਕੱਢ ਖੁਰਜੀ, ਹੱਥ ਹਾਕਮਾਂ ਝੱਟ ਫੜਾਂਵਦਾ ਏ॥

### ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦਾ ਮੁਰਿੰਡੇ ਜਾਣਾ

541 ਮਾਤਾ ਗੁਜਰੀ ਰੱਥ ਸਵਾਰ ਹੋਏ, ਨਾਲ ਬੈਠ ਗਏ ਦੋਵੇਂ ਲਾਲ ਦਾਤਾ।
ਸਾਰੇ ਪਿੰਡ ਦੇ ਰੋਂਵਦੇ ਨੈਣ ਛਮ-ਛਮ, ਫੁੱਲਾਂ ਵਰਗੇ ਦੇਖ ਕੇ ਬਾਲ ਦਾਤਾ।
ਗੰਗੂ ਪਾਪੀ ਦੇ ਨੂੰੜ ਕੇ ਹੱਥ ਦੋਵੇਂ, ਉਹ ਬੰਨ੍ਹਿਆ ਘੋੜਿਆਂ ਨਾਲ ਦਾਤਾ।
ਬੱਟੇ ਮਾਰਦੇ ਲੋਕ ਹਰਚੰਦ ਸਿੰਘਾ, ਕੀਤਾ ਗੰਗੂ ਦਾ ਬੁਰਾ ਸੀ ਹਾਲ ਦਾਤਾ॥

### ਕਵੀਓ ਵਾਚ

542 ਸੁਣਕੇ ਆਇਆ ਜੋ ਮਾਹੀ ਸੁਣਾਈ ਜਾਏ, ਸਤਿਗੁਰ ਸੁਣਦੇ ਨਾਲ ਧਿਆਨ ਦੇ ਜੀ।
ਨੂਰਾ ਮਾਹੀ ਛੇੜੂ ਮੱਝੀਆਂ ਦਾ, ਗੱਲ ਕਰਦਾ ਨਾਲ ਬਿਆਨ ਦੇ ਜੀ।
ਕਿਵੇਂ ਸਿੱਖੀ ਨੇ ਸਿਦਕ ਦੇ ਨਾਲ ਕੱਟੇ, ਇਹੇ ਦਿਨ ਜੋ ਰੁੱਤ ਬਰਾਨ ਦੇ ਜੀ।
ਹਰਚੰਦ ਸਿੰਘਾ ਇੰਚ ਨਾ ਰਹੇ ਪਿੱਛੇ, ਰਹੇ ਸੂਰਮੇ ਸਮੇਂ ਦੇ ਹਾਣ ਦੇ ਜੀ॥

### ਮੁਰਿੰਡੇ ਆਉਣਾ

543 ਫੜ ਖੇੜੀ (ਸਹੇੜੀ) ਤੋਂ ਮੁਰਿੰਡੇ ਲੈ ਆਂਦੇ, ਦਾਦੀ-ਪੋਤੇ ਬੰਦੀ ਬਣਾ ਮੀਆਂ।
ਭੀੜਾ ਕਮਰਾ ਕਿਰਲੀਆਂ ਫਿਰਦੀਆਂ ਨੇ, ਦਿੱਤੇ ਕੋਠੜੀ ਵਿੱਚ ਬਹਾ ਮੀਆਂ।
ਨਾ ਮੰਜਾ ਨਾ ਹੀ ਲੇਫ ਦਰੀ, ਸੁੱਕੇ ਕੱਖ ਸੀ ਦਿੱਤੇ ਵਿਛਾ ਮੀਆਂ।
ਦੂਏ ਦਿਨ ਸਰਹਿੰਦ ਨੂੰ ਲੈ ਤੁਰੇ, ਫੌਜਾਂ ਭਾਰੀਆਂ ਨਾਲ ਮੰਗਾ ਮੀਆਂ॥

### ਸਰਹਿੰਦ ਦੇ ਠੰਡੇ ਬੁਰਜ ਵਿਚ

544 ਠੰਡਾ ਬੁਰਜ ਇਮਾਰਤ ਪੱਥਰਾਂ ਦੀ, ਉਥੇ ਕਿਸੇ ਨਾ ਬਹੁਕਰਾਂ ਮਾਰੀਆਂ ਨੇ।
ਬੜੀ ਦੇਰ ਤੋਂ ਮੰਦੜੇ ਹਾਲ ਹੋਇਆ, ਬੂਹੇ ਉਖੜੇ ਟੁੱਟੀਆਂ ਵਾਰੀਆਂ ਨੇ।
ਡੇਰਾ ਉਥੇ ਉਲੂ ਕਬੂਤਰਾਂ ਦਾ, ਚਾਮਚੜਿੱਕੀਆਂ ਬਿੱਠਾਂ ਖਲਾਰੀਆਂ ਨੇ।
ਹਵਾ ਆਂਵਦੀ ਖੜਕਦੇ ਬਾਰ ਜ਼ੋਰੀਂ, ਹਰਚੰਦ ਸਿੰਘਾ ਭੂਤ-ਭੁਆਰੀਆਂ ਨੇ॥

545 ਮਾਤਾ ਗੁਜਰੀ ਅਤੇ ਲਾਲ ਦੋਵੇਂ, ਠੰਡੇ ਬੁਰਜ ਤੇ ਦਿੱਤੇ ਬਹਾ ਦਾਤਾ।
ਮੰਜਾ ਬਿਸਤਰਾ ਨਹੀਂ ਨਸੀਬ ਹੋਇਆ, ਠੰਡਾ ਫਰਸ ਤੇ ਠੰਡੀ ਵਾਹ ਦਾਤਾ।
ਠੁਰ-ਠੁਰ ਕਰਦਿਆਂ ਤਿੰਨਾਂ ਜਿੰਦੜੀਆਂ ਨੇ, ਬੁਰਾ ਵਕਤ ਸੀ ਲਿਆ ਲੰਘਾ ਦਾਤਾ।
ਕਰੜੇ ਹੁਕਮ ਕਿਲੇ ਦੇ ਵਿਚ ਕਰਕੇ, ਪਹਿਰੇ ਦਿੱਤੇ ਚੁਗਿਰਦੇ ਲਾ ਦਾਤਾ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611


Shirin Mitha
604-614-9165

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# RADIO INDIA - 1110 AM

## 24-Hour

We are back on air.....

Radio India

Tune into 1110 AM

www.radioindia.ca

604 592 9191

604 592 9091

info@radioindia.ca



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 25, 6'1", ਗੁਰਸਿੱਖ, ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਲੜਕੀ ਪੜੀ ਲਿਖੀ, ਲੰਬੀ ਅਤੇ ਗੁਰਸਿੱਖ ਹੋਣੀ ਚਾਹਿਦੀ ਹੈ। ਸੰਪਰਕ-778-917-3193 ਜਾਂ ਈਮੇਲ: jsingh0816@gmail.com

sep18

◆◆◆◆◆◆◆◆◆◆◆◆◆

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 1988, 5'8", MBA, ਲਈ ਬਰਾਬਰ ਯੋਗਤਾ ਲੜਕੀ ਦੀ ਲੋੜ ਹੈ। ਸੰਪਰਕ-9915213697 (ਇੰਡੀਆ ਵੈਟਸੈਪ)

sep18

◆◆◆◆◆◆◆◆◆◆◆◆◆

ਜੱਟ ਸਿੱਖ, ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਬੀ ਏ, ਐਲ ਐਲ ਬੀ, ਆਇਲੈਟਸ ਚੋ 7 ਬੈਂਡ, ਜ਼ਮੀਨ-ਜਾਇਦਾਦ ਵਾਲੇ ਇੰਡੀਆ ਰਹਿੰਦੇ ਲੜਕੇ ਵਾਸਤੇ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਲਗਰੀ ਰਹਿੰਦਾ ਹੈ। ਚਾਹਵਾਨ ਸੰਪਰਕ ਕਰੋ- ਫੋਨ 587-892-2691, ਇੰਡੀਆ ਨੰਬਰ-98557-86891 (ਵੈਟਸਐਪ)

◆◆◆◆◆◆◆◆◆◆◆◆◆

ਹਿੰਦੂ ਖੱਤਰੀ ਲੜਕਾ, 32, 5'8", ਐਮ.ਕਾਮ ਐਲਐਲਬੀ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕਾ ਮਾਂਟਰੀਅਲ (ਕਿਊਬੇਕ) ਵਿਚ ਸਟੱਡੀ ਕਰ ਰਿਹਾ ਹੈ। ਭਾਰਤ ਵਿਚ ਵਧੀਆ ਪਰਿਵਾਰ ਹੈ। ਸੰਪਰਕ-778-710-0181 ਜਾਂ 98155-34655

sep18

◆◆◆◆◆◆◆◆◆◆◆◆◆

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

◆◆◆◆◆◆◆◆◆◆◆◆◆

ਹਿੰਦੂ ਰਵਿਦਾਸੀਆ ਲੜਕੀ, 31, 5'5", ਐਮ.ਐਸ.ਸੀ. (ਕੰਪਿਊਟਰ ਸਾਇੰਸ) ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਵੈਸ਼ਨੂੰ ਲੜਕੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਪਰਿਵਾਰ ਭਾਰਤ ਵਿਚ ਵਧੀਆ ਸੈਟਲਡ ਹੈ। ਸੰਪਰਕ-778-710-0181 ਜਾਂ 95921-36320

sep18

## EMPLOYMENTS

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ:
ਸਾਹਿਬ ਸਿੰਘ : 778-863-9000

◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

S K Fraimng ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

sep18

◆◆◆◆◆◆◆◆◆◆◆◆◆

New Way Rooifng ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਨਵੇਂ ਅਤੇ ਤਜਰਬੇ ਤੋਂ ਬਗ਼ੈਰ ਵਰਕਰ ਵੀ ਸੰਪਰਕ ਕਰ ਸਕਦੇ ਹਨ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-719-7927 ਤੇ ਸੰਪਰਕ ਕਰੋ।

◆◆◆◆◆◆◆◆◆◆◆◆◆

### ਕੇਅਰਗੀਵਰ ਦੀ ਲੋੜ

80 ਸਾਲ ਦੀ ਪੰਜਾਬੀ ਔਰਤ ਦੀ ਦੇਖਭਾਲ ਕਰਨ ਲਈ ਤੁਰੰਤ "ਹਿੰਦੀ/ ਪੰਜਾਬੀ ਬੋਲਣ ਵਾਲੇ" ਕੇਅਰਗੀਵਰ ਲੋੜ ਹੈ। ਭਾਰਤੀ ਅਤੇ ਪੰਜਾਬੀ ਖਾਣਾ ਪਕਾਉਣਾ, ਘਰ ਨੂੰ ਧੋਣ, ਲਾਂਡਰੀ ਅਤੇ ਆਮ ਦੇਖਭਾਲ ਵਿੱਚ ਸਹਾਇਤਾ ਕਰਨ।ਲਾਭਾਂ ਦੇ ਨਾਲ ਚੰਗੀ ਤਨਖਾਹ।ਕੰਮ ਦੀ ਜਗ੍ਹਾ ਵੈਨਕੂਵਰ ਹੈ।ਹੋਰ ਵਧੇਰੇ ਜਾਣਕਾਰੀ ਲਈ 14037600442 (Ash) ਤੇ ਕਾਲ ਕਰੋ, ਸਵੇਰੇ 10 ਵਜੇ ਤੋਂ ਰਾਤ 8 ਵਜੇ ਦੇ ਵਿਚਕਾਰ ਕਾਲ ਕਰੋ।

sep18

◆◆◆◆◆◆◆◆◆◆◆◆◆

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

◆◆◆◆◆◆◆◆◆◆◆◆◆

### ਮਕਾਨ ਕਿਰਾਏ ਲਈ ਖਾਲੀ

ਸਰੀ ਦੇ ਫਲੀਟਵੁੱਡ ਏਰੀਆ ਵਿਚ 4 ਬੈੱਡਰੂਮ 3 ਵਾਸ਼ਰੂਮ ਅਤੇ 2 ਕਾਰਾਂ ਦੇ ਗਰਾਜ ਵਾਲਾ ਮਕਾਨ ਕਿਰਾਏ ਲਈ ਉਪਲਬਧ ਹੈ। ਸਕੂਲ, ਸਟੋਰ ਅਤੇ ਬੱਸ ਸਟਾਪ ਆਦਿ ਸਹੂਲਤਾਂ ਨਜ਼ਦੀਕ ਹਨ। ਹੋਰ ਜਾਣਕਾਰੀ ਲਈ ਸੰਪਰਕ ਕਰੋ- 604-719-7927.

◆◆◆◆◆◆◆◆◆◆◆◆◆

BOOK YOUR CLASSIFIED IN
ਪੰਜਾਬ ਲਿੰਕ
PUNJABI WEEKLY NEWSPAPER
BUY 4 ADS GET 1 AD FREE

# ਚੰਗੀ ਸਿਹਤ ਲਈ ਫਲਾਂ ਅਤੇ ਸਬਜ਼ੀਆਂ ਨੂੰ ਸਹੀ ਢੰਗ ਨਾਲ ਧੋਵੋ



ਫਲਾਂ ਅਤੇ ਸਬਜ਼ੀਆਂ ਨੂੰ ਖਾਣ ਤੋਂ ਪਹਿਲਾਂ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਤੋਂ ਮੁਕਤ ਕਰਨਾ ਜਾਂ ਉਨ੍ਹਾਂ ਦੀ ਮਾਤਰਾ ਨੂੰ ਪ੍ਰਮਾਣਿਤ ਪੱਧਰ ਤੱਕ ਘਟਾਉਣਾ ਇਸ ਲਈ ਵੀ ਮਹੱਤਵਪੂਰਨ ਹੈ ਤਾਂ ਕਿ ਇਸ ਦਾ ਸਾਡੀ ਸਿਹਤ ਉੱਤੇ ਮਾੜਾ ਪ੍ਰਭਾਵ ਨਾ ਪੈ ਸਕੇ। ਚੱਲ ਰਹੇ ਜਾਂ ਠੰਢੇ ਪਾਣੀ ਵਿਚ ਧੋਣ ਤੋਂ ਇਲਾਵਾ, ਨਮਕ/ ਸਿਰਕੇ/ ਮਿੱਠੇ ਸੋਡੇ /ਪੋਟਾਸ਼ੀਅਮ ਪਰਮਾਂਗਨੇਟ ਆਦਿ ਦੇ ਮਿਸ਼ਰਣ ਵਿਚ ਧੋਣਾ, ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਤੋਂ ਛੁਟਕਾਰਾ ਪਾਉਣ ਦੇ ਕੁਝ ਵਧੀਆ ਤਰੀਕੇ ਹਨ।

ਕੀਟਨਾਸ਼ਕ ਦਵਾਈਆਂ ਨਾ ਚਾਹੁੰਦੇ ਹੋਏ ਵੀ ਸਾਡੇ ਫਸਲੀ ਚੱਕਰ ਦਾ ਅਨਿੱਖੜਵਾਂ ਅੰਗ ਬਣ ਚੁੱਕੀਆਂ ਹਨ। ਅੱਜ ਦੇ ਇਸ ਕੋਰੋਨਾ ਕਾਲ ਵਿਚ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਜੋ ਫਲ ਅਤੇ ਸਬਜ਼ੀਆਂ (ਖ਼ਾਸ ਤੌਰ 'ਤੇ ਹਰੇ ਪੱਤਿਆਂ ਵਾਲੀਆਂ ਸਬਜ਼ੀਆਂ) ਅਸੀਂ ਖਾਈਏ ਉਨ੍ਹਾਂ ਵਿਚ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਘੱਟ ਤੋਂ ਘੱਟ ਹੋਵੇ। ਸਾਡੇ ਵਲੋਂ ਰੋਜ਼ਾਨਾ ਖਾਧੇ ਜਾਣ ਵਾਲੇ ਫਲ ਜਿਵੇਂ ਕਿ ਨਾਸ਼ਪਤੀ, ਆੜੂ, ਆਲੂ-ਬੁਖਾਰਾ, ਸੇਬ, ਸਟ੍ਰਾਬੇਰੀ ਅਤੇ ਬੇਰ ਆਦਿ ਜਿਨ੍ਹਾਂ ਨੂੰ ਸਮੇਤ ਛਿੱਲੜਾਂ ਦੇ ਖਾਧਾ ਜਾਂਦਾ ਹੈ, ਦੁਆਰਾ ਕੀਟਨਾਸ਼ਕ ਸਾਡੇ ਸਰੀਰ ਵਿਚ ਦਾਖ਼ਲ ਹੋ ਸਕਦੇ ਹਨ। ਇਸੇ ਤਰ੍ਹਾਂ ਹੀ ਸਬਜ਼ੀਆਂ ਜਿਵੇਂ ਕਿ ਟਮਾਟਰ, ਗੋਭੀ, ਸ਼ਿਮਲਾ ਮਿਰਚ, ਭਿੰਡੀ, ਬੈਂਗਣ ਅਤੇ ਹਰੇ ਪੱਤਿਆਂ ਵਾਲੀਆਂ ਸਬਜ਼ੀਆਂ ਜਿਵੇਂ ਕਿ ਪਾਲਕ ਅਤੇ ਬੰਦਗੋਭੀ ਦੇ ਰਾਹੀਂ ਵੀ ਕੀਟਨਾਸ਼ਕ ਸਾਡੇ ਸਰੀਰ ਵਿਚ ਆ ਜਾਂਦੇ ਹਨ। ਇਨ੍ਹਾਂ ਕੀਟਨਾਸ਼ਕਾਂ ਦੀ ਥੋੜ੍ਹੀ ਮਾਤਰਾ ਵੀ ਸਾਡੇ ਸਰੀਰ ਵਿਚ ਸਿਰ ਦਰਦ, ਅੱਖਾਂ ਦੀਆਂ ਬਿਮਾਰੀਆਂ, ਉਲਟੀਆਂ, ਪੇਟ ਅਤੇ ਚਮੜੀ ਦੇ ਰੋਗਾਂ ਦਾ ਕਾਰਨ ਬਣ ਸਕਦੀ ਹੈ। ਜੇਕਰ ਸਾਡੇ ਸਰੀਰ ਵਿਚ ਕੀਟਨਾਸ਼ਕ ਲੰਬੇ ਸਮੇਂ ਤੱਕ ਦਾਖ਼ਲ ਹੁੰਦੇ ਰਹਿਣ, ਤਾਂ ਇਹ ਕੈਂਸਰ, ਸਾਹ ਦੀਆਂ ਬਿਮਾਰੀਆਂ, ਮਾਨਸਿਕ ਰੋਗ ਅਤੇ ਹੋਰ ਕਈ ਖ਼ਤਰਨਾਕ ਰੋਗਾਂ ਦਾ ਕਾਰਨ ਬਣ ਸਕਦੇ ਹਨ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਫਲਾਂ ਅਤੇ ਸਬਜ਼ੀਆਂ ਨੂੰ ਖਾਣ ਤੋਂ ਪਹਿਲਾਂ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਤੋਂ ਮੁਕਤ ਕੀਤਾ ਜਾਵੇ ਜਾਂ ਰਹਿੰਦ-ਖੂੰਹਦ ਦੀ ਮਾਤਰਾ ਏਨੀ ਘਟਾ ਦਿੱਤੀ ਜਾਵੇ ਤਾਂ ਜੋ ਇਹ ਸਾਡੀ ਸਿਹਤ 'ਤੇ ਕੋਈ ਮਾਰੂ ਪ੍ਰਭਾਵ ਨਾ ਪਾ ਸਕੇ।

ਹੇਠ ਲਿਖੀਆਂ ਵਿਧੀਆਂ ਫਲਾਂ ਅਤੇ ਸਬਜ਼ੀਆਂ ਤੋਂ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਨੂੰ ਘੱਟ ਕਰਨ ਵਿਚ ਮਦਦਗਾਰ ਹਨ। ਇਨ੍ਹਾਂ ਵਿਧੀਆਂ ਦੀ ਵਰਤੋਂ ਹਰ ਰੋਜ਼ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਇਸ ਕਾਰਨ ਸਾਡੀ ਸਿਹਤ ਨੂੰ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕੇ:-

- ਫਲਾਂ ਅਤੇ ਸਬਜ਼ੀਆਂ ਨੂੰ ਘਰ ਲਿਆਉਂਦੇ ਸਾਰ, ਵਗਦੇ ਪਾਣੀ ਵਿਚ ਰਗੜ-ਰਗੜ ਕੇ ਧੋਣਾ ਇਕ ਬੜੀ ਸੌਖੀ ਅਤੇ ਲਾਹੇਵੰਦ ਵਿਧੀ ਹੈ। ਇਹ ਵਿਧੀ ਫਲਾਂ ਤੇ ਸਬਜ਼ੀਆਂ ਵਿਚਲੇ ਕੀਟਨਾਸ਼ਕਾਂ ਨੂੰ ਪੂਰੀ ਤਰ੍ਹਾਂ ਨਸ਼ਟ ਹੀ ਨਹੀਂ ਕਰਦੀ ਬਲਕਿ ਉਨ੍ਹਾਂ ਨੂੰ ਅੰਦਰ ਜਾਣ ਤੋਂ ਵੀ ਰੋਕਦੀ ਹੈ।
- ਕਈ ਵਾਰ ਸੇਬ ਅਤੇ ਨਾਸ਼ਪਾਤੀ 'ਤੇ ਇਕ ਮੋਮ ਜਿਹੀ ਪਰਤ ਹੁੰਦੀ ਹੈ ਜਿਸ ਉੱਤੇ ਕੀਟਨਾਸ਼ਕ ਇਕੱਠੇ ਹੋ ਸਕਦੇ ਹਨ। ਇਸ ਕਰਕੇ ਫਲਾਂ ਨੂੰ ਚਾਰ ਹਿੱਸੇ ਪਾਣੀ ਅਤੇ ਇਕ ਹਿੱਸਾ ਸਿਰਕੇ ਦੇ ਮਿਸ਼ਰਣ ਵਿਚ 20 ਮਿੰਟ ਭਿਉਂ ਕੇ ਰੱਖਣ ਤੋਂ ਬਾਅਦ ਸਾਫ਼ ਪਾਣੀ ਨਾਲ ਚੰਗੀ ਤਰ੍ਹਾਂ ਧੋਣ ਨਾਲ, ਇਸ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।
- ਫਲਾਂ ਅਤੇ ਸਬਜ਼ੀਆਂ ਨੂੰ ਨਮਕੀਨ ਪਾਣੀ (ਜਿਸ ਵਿਚ 2 ਚਮਚ ਨਮਕ ਨੂੰ 4 ਕੱਪ ਪਾਣੀ ਵਿਚ ਮਿਲਾਇਆ ਹੋਵੇ) ਵਿਚ 30 ਮਿੰਟ ਤੱਕ ਭਿਉਂ ਕੇ ਰੱਖਣਾ, ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਤੋਂ ਛੁਟਕਾਰਾ ਪਾਉਣ ਦਾ ਇਕ ਹੋਰ ਕਾਮਯਾਬ ਤਰੀਕਾ ਹੈ। ਭਿਉਂਣ ਤੋਂ ਬਾਅਦ ਫਲਾਂ ਅਤੇ ਸਬਜ਼ੀਆਂ ਨੂੰ ਸਾਫ਼ ਪਾਣੀ ਨਾਲ ਚੰਗੀ ਤਰ੍ਹਾਂ ਧੋ ਲੈਣਾ ਚਾਹਿਦਾ ਹੈ। ਪਰ ਇਹ ਵਿਧੀ ਨਰਮ ਫਲ ਜਿਵੇਂ ਕਿ ਸਟ੍ਰਾਬੇਰੀ ਆਦਿ ਵਾਸਤੇ ਕਾਮਯਾਬ ਨਹੀਂ ਹੈ।
- ਲਗਾਤਾਰ ਦੋ ਤਿੰਨ ਵਾਰ ਠੰਢੇ ਪਾਣੀ ਵਿਚ ਧੋਣ ਨਾਲ ਟਮਾਟਰ, ਬੈਂਗਣ, ਭਿੰਡੀ, ਹਰੇ ਪੱਤਿਆਂ ਵਾਲੀਆਂ ਸਬਜ਼ੀਆਂ ਜਿਵੇਂ ਕਿ ਪਾਲਕ ਤੇ ਬੰਦਗੋਭੀ ਆਦਿ ਅਤੇ ਫਲ ਜਿਵੇਂ ਸੇਬ, ਅਮਰੂਦ, ਆਲੂ-ਬੁਖਾਰਾ, ਨਾਸ਼ਪਾਤੀ, ਆੜੂ, ਅੰਬ ਆਦਿ ਉੱਤੋਂ ਕੀਟਨਾਸ਼ਕਾਂ ਦੇ ਪ੍ਰਭਾਵ ਨੂੰ ਘੱਟ ਕੀਤਾ ਜਾ ਸਕਦਾ ਹੈ।
- ਮਿੱਠੇ ਸੋਡੇ (1 ਫ਼ੀਸਦੀ) ਤੇ ਪਾਣੀ ਦੇ ਮਿਸ਼ਰਣ ਵਿਚ ਬੈਂਗਣ, ਭਿੰਡੀ, ਫੁਲਗੋਭੀ ਨੂੰ 10 -15 ਮਿੰਟ ਲਈ ਭਿਉਂਣ ਤੋਂ ਬਾਅਦ ਸਾਫ਼ ਪਾਣੀ ਨਾਲ ਧੋਣਾ, ਇਕ ਹੋਰ ਕਾਰਗਰ ਵਿਧੀ ਹੈ। ਇਸ ਵਿਧੀ ਨਾਲ 90 ਫ਼ੀਸਦੀ ਤੱਕ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਤੋਂ ਬਚਾਅ ਕੀਤਾ ਜਾ ਸਕਦਾ ਹੈ। ਭਿਉਂਣ ਤੋਂ ਬਾਅਦ ਫਲਾਂ ਅਤੇ ਸਬਜ਼ੀਆਂ ਨੂੰ ਸਾਫ਼ ਪਾਣੀ ਨਾਲ ਚੰਗੀ ਤਰ੍ਹਾਂ ਧੋ ਲੈਣਾ ਚਾਹੀਦਾ ਹੈ।
- ਟਮਾਟਰ, ਫੁੱਲਗੋਭੀ ਅਤੇ ਆੜੂ ਨੂੰ ਲਾਲ ਦਵਾਈ (ਪੋਟਾਸ਼ੀਅਮ ਪਰਮੈਂਗਨੇਟ) (0.01 ਫ਼ੀਸਦੀ) ਅਤੇ ਪਾਣੀ ਦੇ ਮਿਸ਼ਰਣ ਵਿਚ 1 ਮਿੰਟ ਲਈ ਭਿਉਂਣਾ ਅਤੇ ਫਿਰ ਸਾਫ਼ ਪਾਣੀ ਨਾਲ ਚੰਗੀ ਤਰ੍ਹਾਂ ਧੋਣਾ, ਇਕ ਹੋਰ ਪ੍ਰਭਾਵੀ ਵਿਧੀ ਹੈ। ਇਸ ਨਾਲ ਕੁਝ ਕੀਟਨਾਸ਼ਕਾਂ ਦਾ ਪ੍ਰਭਾਵ ਘੱਟ ਹੁੰਦਾ ਹੈ।




IT'S A HEALTH ISSUE, NOT A RACE ISSUE.

Don't turn a blind eye. COVID-19 affects us all. Racism doesn't have to.

healthnothate.com #HealthNotHate

METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract



Residential & Commercial

Gurvinder Sanghera: 604-729-1435
Email: gsanghera77@gmail.com

# ਜਰੂਰੀ ਹੈ ਚੰਗੇ ਦੋਸਤਾਂ ਦਾ ਸਾਥ






ਹਰਕੀਰਤ ਕੌਰ
9779118066

ਜ਼ਿੰਦਗੀ ਰੱਬ ਵੱਲੋਂ ਬਖਸ਼ਿਆ ਸਭ ਤੋਂ ਖ਼ੂਬਸੂਰਤ ਤੋਹਫ਼ਾ ਹੈ। ਕੁਦਰਤ ਨੂੰ ਪੂਰੀ ਨੀਝ ਲਾ ਕੇ ਬਣਾਉਣ ਵਾਲੇ ਕਾਦਰ ਨੇ ਮਨੁੱਖੀ ਜਾਮੇ ਨੂੰ ਬ੍ਰਹਿਮੰਡ ਦਾ ਸਰਵਉੱਚ ਪ੍ਰਾਣੀ ਹੋਣ ਦਾ ਮਾਣ ਬਖਸ਼ਿਆ। ਇਸੇ ਕਰਕੇ ਮਨੁੱਖ ਦੇ ਹਿੱਸੇ ਕੇਵਲ ਖਾਣ ਪੀਣ ਤੇ ਸੌਣਾ ਹੀ ਨਹੀਂ ਆਇਆ। ਮਨੁੱਖ ਦੇ ਹਿੱਸੇ ਜਜ਼ਬਾਤ ਆਏ, ਮਨੁੱਖ ਦੇ ਹਿੱਸੇ ਰਿਸ਼ਤੇਦਾਰੀਆਂ ਆਈਆਂ, ਭਾਵਨਾਵਾਂ ਨੂੰ ਸਮਝਣ ਦੀ ਸੋਝੀ ਆਈ। ਜੇਕਰ ਜਜ਼ਬਾਤਾ ਦੀ ਗੱਲ ਕੀਤੀ ਜਾਵੇ ਤਾਂ ਸਾਡੀ ਜ਼ਿੰਦਗੀ ਵਿੱਚ ਹਰ ਰਿਸ਼ਤੇ ਦੀ ਆਪਣੀ ਇੱਕ ਅਹਿਮੀਅਤ ਹੈ। ਹਰ ਰਿਸ਼ਤੇ ਦਾ ਆਪਣਾ ਆਪਣਾ ਰੋਲ ਹੈ। ਮਾਤਾ ਪਿਤਾ ਭੈਣ ਭਾਈ ਸਾਰੇ ਹਰ ਇੱਕ ਦੇ ਸਭ ਤੋਂ ਪਿਆਰੇ ਰਿਸ਼ਤੇ ਹੁੰਦੇ ਹਨ। ਇਹਨਾਂ ਤੋਂ ਇਲਾਵਾ ਇੱਕ ਰਿਸ਼ਤਾ ਦੋਸਤੀ ਦਾ ਵੀ ਹੈ। ਜੋ ਸਭ ਤੋਂ ਵੱਧ ਭਰੋਸੇਯੋਗ ਅਤੇ ਪਿਆਰ ਭਰਿਆ ਮੰਨਿਆ ਜਾਂਦਾ ਹੈ। ਇੱਕ ਚੰਗਾ ਦੋਸਤ ਬਿਪਤਾ ਪੈਣ ਉੱਪਰ ਪਿੱਛੇ ਕਦਮ ਪੁੱਟਣ ਵਾਲਿਆਂ ਵਿੱਚੋਂ ਨਹੀਂ ਹੁੰਦਾ ਬਲਕਿ ਦੁੱਖ ਵਿੱਚ ਮਾਰਗ ਦਰਸ਼ਨ ਕਰਨ ਵਾਲਾ ਹੁੰਦਾ ਹੈ। ਦੋਸਤ ਦੇ ਰੂਪ ਵਿੱਚ ਸਾਨੂੰ ਇੱਕ ਅਜਿਹਾ ਇਨਸਾਨ ਮਿਲਦਾ ਹੈ, ਜਿਸ ਨਾਲ ਅਸੀਂ ਹਮੇਸ਼ਾ ਆਪਣੇ ਦੁੱਖ ਸੁੱਖ ਸਾਂਝੇ ਕਰ ਸਕਦੇ ਹਾਂ , ਬੇਝਿਜਕ ਆਪਣੇ ਦਿਲ ਦੇ ਜਜਬਾਤ ਇੱਕ ਦੂਸਰੇ ਨਾਲ ਵੰਡ ਸਕਦੇ ਹਾਂ। ਸਾਡੀ ਜ਼ਿੰਦਗੀ ਵਿੱਚ ਦੋਸਤਾਂ ਦਾ ਹੋਣਾ ਬਹੁਤ ਜਰੂਰੀ ਹੈ, ਸਕੂਲ, ਕਾਲਜ ਵਿੱਚ ਪੜਦਿਆਂ ਸਾਡੇ ਦੋਸਤ ਹੀ ਹੁੰਦੇ ਹਨ ਜਿੰਨਾ ਨਾਲ ਉਹ ਪਲ ਸਾਡੀ ਜ਼ਿੰਦਗੀ ਦੇ ਸੁਨਿਹਰੀ ਪਲ ਬਣ ਜਾਂਦੇ ਹਨ। ਸਾਡੇ ਜੀਵਨ ਦੀਆਂ ਅਹਿਮ ਯਾਦਾਂ ਸਾਡੇ ਦੋਸਤਾਂ ਨਾਲ ਬਿਤਾਏ ਪਲਾਂ ਦੀਆਂ ਹੀ ਸਰਮਾਇਆ ਹੁੰਦੀਆਂ ਹਨ। ਪਰ ਧਿਆਨ ਰਹੇ ਕਿ ਦੋਸਤਾਂ ਦੀ ਚੋਣ ਕਰਨ ਸਮੇਂ ਇਹ ਪਰਖ ਜਰੂਰ ਕਰ ਲਈ ਜਾਵੇ ਕਿ ਕੀ ਸਾਹਮਣੇ ਵਾਲਾ ਇਨਸਾਨ ਤੁਹਾਡੀ ਦੋਸਤੀ ਦੇ ਕਾਬਿਲ ਹੈਂ ਜਾਂ ਨਹੀਂ ? ਕੀ ਉਸਦੀ ਸੰਗਤ ਦਾ ਤੁਹਾਡੇ ਉੱਪਰ ਕੋਈ ਬੁਰਾ ਅਸਰ ਤੇ ਨਹੀਂ ਹੋਵੇਗਾ ? ਕੀ ਉਹ ਤੁਹਾਡਾ ਵਿਸ਼ਵਾਸਪਾਤਰ ਬਣਨ ਦੇ ਕਾਬਿਲ ਹੈ ? ਇਹਨਾਂ ਸਵਾਲਾਂ ਨੂੰ ਜਾਂਚੇ ਬਿਨਾ ਸਾਨੂੰ ਦੋਸਤੀ ਕਰਨ ਲਈ ਕਦਮ ਅੱਗੇ ਨਹੀਂ ਵਧਾਉਣਾ ਚਾਹੀਦਾ। ਅਸਲ ਵਿੱਚ ਇੱਕ ਚੰਗਾ ਦੋਸਤ ਸਾਡੇ ਲਈ ਰਾਹ ਦਸੇਰਾ ਬਣ ਸਕਦਾ ਹੈ ਅਤੇ ਇੱਕ ਮਾੜਾ ਦੋਸਤ ਜ਼ਿੰਦਗੀ ਵਿੱਚ ਕਠਿਨਾਈਆਂ ਪੈਦਾ ਕਰ ਸਕਦਾ ਹੈ। ਦੋਸਤ ਦੀ ਪਰਖ ਮੁਸੀਬਤ ਵੇਲੇ ਹੁੰਦੀ ਹੈ । ਮੁਸੀਬਤ ਵਿੱਚ ਸਾਥ ਦੇਣ ਵਾਲੇ ਦੋਸਤ ਚੰਗੇ ਦੋਸਤਾਂ ਦੀ ਕਤਾਰ ਵਿੱਚ ਆ ਖੜਦੇ ਹਨ। ਬਿਪਤਾ ਪੈਣ ਵੇਲੇ ਸਾਥ ਛੱਡਣ ਵਾਲੇ ਇਸ ਗੱਲ ਦਾ ਅਹਿਸਾਸ ਕਰਵਾ ਜਾਂਦੇ ਹਨ ਕਿ ਉਹ ਕਦੇ ਵੀ ਤੁਹਾਡੀ ਦੋਸਤੀ ਦੇ ਕਾਬਿਲ ਨਹੀਂ ਸਨ। ਅਜਿਹੇ ਲੋਕ ਜ਼ਿੰਦਗੀ ਦੇ ਗਹਿਰੇ ਸਬਕ ਦੇ ਕੇ ਜਾਂਦੇ ਹਨ। ਦੋਸਤੀ ਹਮੇਸ਼ਾ ਆਪਣੇ ਬਰਾਬਰ ਦੇ ਜਾਂ ਆਪਣੇ ਤੋਂ ਮਾੜੇ ਨਾਲ ਕਰੋ । ਬਰਾਬਰ ਦੀ ਵਿਚਾਰਧਾਰਾ, ਕਲਪਨਾ, ਆਰਥਿਕ ਹਾਲਾਤ ਵਾਲੇ ਲੋਕਾਂ ਦੀ ਦੋਸਤੀ ਲੰਬੇ ਸਮੇਂ ਤੱਕ ਨਿਭਦੀ ਹੈ। ਕਿਉਂਕਿ ਉਹ ਇੱਕ ਦੂਸਰੇ ਦੀ ਹਾਲਤ ਅਤੇ ਭਾਵਨਾਵਾਂ ਨੂੰ ਚੰਗੀ ਤਰ੍ਹਾਂ ਸਮਝਣ ਦੇ ਸਮਰੱਥ ਹੁੰਦੇ ਹਨ । ਸਾਡੇ ਸਾਰਿਆਂ ਦੀ ਜ਼ਿੰਦਗੀ ਵਿੱਚ ਕੋਈ ਇੱਕ ਦੋ ਦੋਸਤ ਅਜਿਹੇ ਜਰੂਰ ਹੋਣੇ ਚਾਹੀਦੇ ਹਨ ਜਿੰਨਾ ਉੱਪਰ ਤੁਹਾਨੂੰ ਐਨਾ ਭਰੋਸਾ ਹੋਵੇ ਕਿ ਜਿੱਥੇ ਕੋਈ ਤੁਹਾਡਾ ਸਾਥ ਨਾ ਦੇਣ ਵਾਲਾ ਹੋਵੇ ਉਹ ਪਹਾੜ ਵਾਂਗ ਅਡੋਲ ਹੋਕੇ ਤੁਹਾਡੇ ਨਾਲ ਖੜ ਸਕਣ। ਮੇਰਾ ਮੰਨਣਾ ਹੈ ਕਿ ਜੇਕਰ ਤੁਹਾਡੇ ਕੋਲੋਂ ਅਜਿਹੇ ਇਨਸਾਨ ਹਨ ਤਾਂ ਤੁਸੀਂ ਦੁਨੀਆਂ ਦੇ ਅਮੀਰ ਲੋਕਾਂ ਦੀ ਸੂਚੀ ਵਿੱਚ ਹੋ। ਕਈ ਬੱਚੇ ਅਜਿਹੇ ਹੁੰਦੇ ਹਨ ਜੋ ਬਹੁਤ ਘੱਟ ਦੋਸਤ ਬਣਾਉਂਦੇ ਹਨ ਜਾਂ ਬਣਾਉਂਦੇ ਹੀ ਨਹੀਂ ਹਨ, ਅਜਿਹੇ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਦੋਸਤ ਬਣਨਾ ਚਾਹੀਦਾ ਹੈ, ਉਹਨਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਉਹਨਾਂ ਦੇ ਵਿਵਹਾਰ, ਸੁਭਾਅ, ਉਮਰ ਦੇ ਅਨੁਕੂਲ ਹੋਕੇ ਗੱਲ ਕਰਨੀ ਚਾਹੀਦੀ ਹੈ। ਅੰਤ ਵਿੱਚ ਇਹੀ ਸਿੱਟਾ ਨਿਕਲਦਾ ਹੈ ਕਿ ਦੋਸਤਾਂ ਦਾ ਸਾਡੀ ਜ਼ਿੰਦਗੀ ਵਿੱਚ ਬਹੁਤ ਮਹੱਤਵ ਹੈ। ਇਹ ਸਾਡੀ ਜ਼ਿੰਦਗੀ ਦੇ ਆਮ ਪਲਾਂ ਨੂੰ ਖਾਸ ਯਾਦਾਂ ਬਣਾਉਣ ਵਿੱਚ ਬਹੁਤ ਵੱਡਾ ਯੋਗਦਾਨ ਪਾਉਂਦੇ ਹਨ। ਇੱਕ ਹੀ ਜੀਵਨ ਹੈ, ਇਸ ਜੀਵਨ ਨੂੰ ਬੇਰੁਖੇ ਲੋਕਾਂ ਨਾਲ ਰਹਿ ਕੇ ਨਾ ਗਵਾਇਆ ਜਾਵੇ, ਸਗੋਂ ਉਹਨਾਂ ਲੋਕਾਂ ਨਾਲ ਵਿਚਰ ਕੇ ਬਤੀਤ ਕੀਤਾ ਜਾਵੇ ਜਿੰਨਾ ਦਾ ਸਾਥ ਤੁਹਾਡੀ ਰੂਹ ਨੂੰ ਸਕੂਨ ਦਿੰਦਾ ਹੈ, ਜਿੰਨਾ ਦੇ ਬੋਲ ਹਮੇਸ਼ਾ ਤੁਹਾਡੇ ਚਿਹਰੇ ਉੱਪਰ ਮੁਸਕਰਾਹਟ ਲੈਕੇ ਆਉਂਦੇ ਹਨ। ਸੋ ਕਿਹਾ ਜਾ ਸਕਦਾ ਹੈ ਕਿ ਚੰਗੇ ਦੋਸਤਾਂ ਦਾ ਸਾਡੇ ਜੀਵਨ ਵਿੱਚ ਹੋਣਾ ਬਹੁਤ ਜਰੂਰੀ ਹੈ।

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.


Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial

T-Bar
Steel Stud
Boarding
Taping
Ceiling Texture
Renovation
Quality Work
Free Estimates
Daljit Singh
778-549-3605
E: singh.mand@icloud.com



# ਬਹੁਤ ਜਲਦ ਬਣੀ ਜਾਹਨਵੀ ਕਪੂਰ ਨੌਜਵਾਨ ਦੇ ਦਿਲਾਂ ਦੀ ਧੜਕਣ

ਬਹੁਤ ਭੋਲੀ ਹੈ, ਉਹ ਹਰ ਗੱਲ ਆਪਣੇ ਪ੍ਰਸ਼ੰਸਕਾਂ ਨਾਲ ਸਾਂਝੀ ਕਰਦੀ ਹੈ। ਜਾਹਨਵੀ ਨੇ ਹੁਣ ਆਪਣੇ ਫਿਟਨੈੱਸ ਦੇ ਕੁਝ ਰਾਜ਼ ਦਸ ਦਿੱਤੇ ਹਨ। ਕਿਵੇਂ ਉਹ ਰੋਜ਼ ਜਿੰਮ ਜਾ ਕੇ ਇਕ ਲੱਤ ਦੇ ਭਾਰ ਸਖ਼ਤ ਅਭਿਆਸ ਕਰਦੀ ਹੈ। 3 ਘੰਟੇ ਜਿੰਮ ਵਿਚ ਰਹਿ ਕਿ ਕੀਤੇ ਕੰਮ ਦੀਆਂ ਤਸਵੀਰਾਂ ਇੰਸਟਾਗ੍ਰਾਮ 'ਤੇ ਪਾਉਂਦੀ ਹੈ। ਗੱਲ ਫਿਰ ਨਿਆਣੀ ਮੱਤ ਦੀ, ਹਰਿੰਦਰ ਸਿੱਕਾ ਦੀ ਕਿਤਾਬ ਦੇ ਲੋਕ-ਅਰਪਣ ਮੌਕੇ ਜਾਹਨਵੀ ਕਪੂਰ ਨੇ ਕਿਤਾਬ ਹੀ ਪੁੱਠੀ ਫੜ ਲਈ। ਇਸ ਗੱਲ 'ਤੇ ਖੂਬ ਰੌਲਾ ਪਾਇਆ ਗਿਆ ਕਿ ਜਿਸ ਨੂੰ ਕਿਤਾਬ ਪੁੱਠੀ ਸਿੱਧੀ ਦਾ ਪਤਾ ਨਹੀਂ ਉਹ ਸਮਾਰੋਹ ਵਿਚ ਮੁੱਖ ਮਹਿਮਾਨ ਕਿਵੇਂ। ਵਾਹ ਲੋਕੋ ਪਰ ਜਾਹਨਵੀ ਕਪੂਰ ਨੇ ਕਿਹਾ ਕਿ 'ਨਿੱਕੀ ਗੱਲ' 'ਤੇ ਐਨਾ ਹੰਗਾਮਾ? ਗਲਤੀ ਹੋ ਜਾਂਦੀ ਹੈ, ਗਲਤੀ ਦਾ ਪੁਤਲਾ ਹੈ ਮਨੁੱਖ। ਨਿਆਣੀ ਉਮਰ ਦੀ ਨਿਆਣੀ ਮੱਤ ਜਾਹਨਵੀ ਨੇ ਆਪ ਕਿਹਾ ਕਿ ਕਿਸਾਨੀ ਸੰਘਰਸ਼ ਕਾਰਨ ਉਸ ਨੂੰ ਵੀ ਵਿਰੋਧ ਦਾ ਸਾਹਮਣਾ ਕਰਨਾ ਪਿਆ। ਹਾਂ, ਉਹ ਹੁਣ ਇਸ ਕਰਕੇ ਹੀ ਦੇਖਣ ਜਾ ਰਹੀ ਹੈ, ਉਥੇ



ਸ਼ਾਂਤੀ ਹੈ। ਮਤਲਬ ਕਿ ਰੌਲੇ-ਰੱਪੇ 'ਤੇ ਵਿਵਾਦ ਤੋਂ ਕੋਹ-ਕੋਹ ਦੂਰ ਰਹਿਣਾ ਚਾਹੁੰਦੀ ਹੈ ਜਾਹਨਵੀ। ਆਪਣੀ ਆਲੋਚਨਾ ਸਵੀਕਾਰ ਕਰਦੀ ਹੈ, ਉਸ ਨੇ ਪੁਰਾਣੀ ਗੱਲ ਸਾਂਝੀ ਕੀਤੀ ਕਿ ਉਸ ਦੀ ਫ਼ਿਲਮ ਗੁੰਜਨ ਸਕਸੈਨਾ ਕਾਰਗਿਲ ਗਰਲ ਜਦ ਨੈੱਟ ਫਲਿਕਸ 'ਤੇ ਆਈ ਤਦ ਹੰਗਾਮਾ ਮਚ ਗਿਆ ਸੀ। ਭਾਰਤੀ ਵਾਯੂ ਸੈਨਾ ਤੋਂ ਆਪ ਉਸ ਨੇ ਮਾਫ਼ੀ ਮੰਗੀ ਸੀ। ਬਾਕੀ ਦਰਸ਼ਕਾਂ ਦਾ ਕਿਹਾ ਪਰਵਾਨ ਕੀਤਾ ਸੀ ਕਿ ਇਸ ਫ਼ਿਲਮ ਵਿਚ ਉਸ ਦੀ ਐਕਟਿੰਗ ਢਿੱਲੀ ਰਹੀ ਸੀ। ਜਾਹਨਵੀ ਕਪੂਰ ਨੇ ਕਿਹਾ ਕਿ ਇਹ ਕਹਿਣਾ ਸੱਚ ਹੈ ਕਿ ਦੁਨੀਆ ਇਥੇ ਸਾਰਾ ਚੈਨ ਵੈਨ ਉਜਾੜ ਦਿੰਦੀ ਹੈ। ਉਹ ਤਾਂ ਫੂਕ-ਫੂਕ ਪੈਰ ਧਰ ਰਹੀ ਹੈ ਫਿਰ ਵੀ ਲੋਕੀਂ ਕੋਈ ਨਾ ਕੋਈ ਗਲਤੀ ਕੱਢ ਹੀ ਦਿੰਦੇ ਹਨ। ਇਸ ਲਈ ਉਹ ਇਹ ਹੀ ਕਹੇਗੀ ਕਿ ਦੁਨੀਆ ਤੇਰੀ ਪਰਵਾਹ ਨਹੀਂ ਤੂੰ ਆਪਣਾ ਕੰਮ ਕਰ ਮੈਂ ਆਪਣਾ ਕਰਦੀ ਹਾਂ। ਦੇਖਦੇ ਹਾਂ ਕੌਣ ਜਿੱਤਦਾ ਹੈ। ਨਿਆਣੀ ਮੱਤ ਵੀ ਕਦੇ-ਕਦੇ ਸਿਆਣੀ ਮੱਤ ਨੂੰ ਪਰ੍ਹਾਂ ਧੱਕ ਦਿੰਦੀ ਹੈ।

TSM GALLERY

High quality artwork for your home or business, religious or public places.
We specialize in all kind of wallpaper installation.

Tejpal Singh Mann (Artist)
778-885-2197
9353 120st Delta BC (By Appointment)
www.tsmgallery.ca | www.jollyarts.ca

Mehndi(henna) , Jagua , Airbrush Body Art, Temporary Tattoo.
Learn in your spare time ,
Earn extra income gain friends
Training available .











ਸ਼ੋਰ ਸਾਈਡ ਫਿਸ਼ ਕੈਨਰੀ

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED




# ਬਾਲੀਵੁੱਡ 'ਚ ਮੈਂ ਆਪਣੀ ਥਾਂ ਆਪ ਬਣਾਈ ਹੈ ਮਲਿਕਾ ਸ਼ੇਰਾਵਤ

ਹਾਲ ਹੀ ਵਿਚ ਰਿਲੀਜ਼ ਹੋਈ ਵੈੱਬ ਸੀਰੀਜ਼ 'ਨਕਾਬ' ਵਿਚ ਮਲਿਕਾ ਵਲੋਂ ਜੋਹਰਾ ਮਿਸ਼ਰਾ ਦੀ ਭੂਮਿਕਾ ਨਿਭਾਈ ਗਈ ਹੈ। ਇਸ ਵਿਚ ਜੋਹਰਾ ਨੂੰ ਮਨੋਰੰਜਨ ਦੀ ਦੁਨੀਆ ਵਿਚ ਵੱਡੀ ਹਸਤੀ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਅਤੇ ਸਾਫ਼ ਝਲਕਦਾ ਹੈ ਕਿ ਇਹ ਕਿਰਦਾਰ ਟੀ ਵੀ। ਕੁਈਨ ਏਕਤਾ ਕਪੂਰ ਤੋਂ ਪ੍ਰੇਰਿਤ ਹੈ। ਇਸ 'ਤੇ ਆਪਣਾ ਪੱਖ ਰੱਖਦੇ ਹੋਏ ਮਲਿਕਾ ਕਹਿੰਦੀ ਹੈ, 'ਮੈਂ ਏਕਤਾ ਦੀ ਬਹੁਤ ਇੱਜ਼ਤ ਕਰਦੀ ਹਾਂ। ਏਕਤਾ ਦੀ ਤਰ੍ਹਾਂ ਮੈਂ ਵੀ ਇਥੇ ਆਪਣੀ ਥਾਂ ਖ਼ੁਦ ਬਣਾਈ ਹੈ। ਮੈਂ 'ਸੈਲਫ਼ ਮੇਡ ਵੂਮਨ ਹਾਂ'। ਇਕੱਲੇ ਸੰਘਰਸ਼ ਕਰਨ ਦੀ ਵਜ੍ਹਾ ਨਾਲ ਮੇਰੇ 'ਚ ਆਤਮਵਿਸ਼ਵਾਸ ਆਇਆ ਹੈ। ਜੋਹਰਾ ਦੇ ਕਿਰਦਾਰ ਵਿਚ ਇਹ ਆਤਮਵਿਸ਼ਵਾਸ ਝਲਕਦਾ ਵੀ ਹੈ। ਇਥੇ ਜੋਹਰਾ ਨੂੰ ਆਪਣੀਆਂ ਸ਼ਰਤਾਂ 'ਤੇ ਜ਼ਿੰਦਗੀ ਜਿਊਂਦੇ ਦਿਖਾਇਆ ਗਿਆ ਹੈ।

# ਡਿਜੀਟਲ ਪਲੇਟਫਾਰਮ ਉੱਤੇ ਦਿੱਸਣਗੇ ਵਰੁਣ



ਮੌਜੂਦਾ ਦੌਰ ਵਿੱਚ ਡਿਜੀਟਲ ਪਲੇਟਫਾਰਮ ਦੀ ਵਧਦੀ ਲੋਕਪ੍ਰਿਅਤਾ ਦੇ ਕਾਰਨ ਸਿਨੇਮਾ ਦੇ ਸੁਪਰ ਸਟਾਰ ਕਾਫੀ ਆਕਰਸ਼ਿਤ ਹਨ। ਅਜੈ ਦੇਵਗਨ, ਸ਼ਾਹਿਦ ਕਪੂਰ ਅਤੇ ਅਕਸ਼ੈ ਕੁਮਾਰ ਵਰਗੇ ਸਿਤਾਰਿਆਂ ਦੇ ਬਾਅਦ ਅਭਿਨੇਤਾ ਵਰੁਣ ਧਵਨ ਵੀ ਡਿਜੀਟਲ ਪਲੇਟਫਾਰਮ ਉੱਤੇ ਕੰਮ ਕਰਨ ਲਈ ਤਿਆਰ ਹਨ। ਖ਼ਬਰਾਂ ਹਨ ਕਿ ਵਰੁਣ ਪ੍ਰਿਅੰਕਾ ਚੋਪੜਾ ਦੀ ਫਿਲਮ ਅਮਰੀਕੀ ਵੈੱਬ ਸੀਰੀਜ਼ 'ਸਿਟਾਡੇਲ' ਦੀ ਸਪਿਨ ਆਫ ਵੈੱਬ ਸੀਰੀਜ਼ ਨਾਲ ਡਿਜੀਟਲ ਪਲੇਟਫਾਰਮ ਉੱਤੇ ਡੈਬਿਊ ਕਰਨਗੇ। ਸੂਤਰਾਂ ਮੁਤਾਬਕ ਐਕਸ਼ਨ ਐਡਵੈਂਚਰ ਵੈੱਬ ਸੀਰੀਜ਼ 'ਸਿਟਾਡੇਲ' ਦੇ ਨਿਰਮਾਤਾ ਮੂਲ ਸੀਰੀਜ਼ ਦੇ ਨਾਲ ਭਾਰਤ, ਇਟਲੀ ਤੇ ਮੈਕਸੀਕੋ ਦੇ ਸਥਾਨਕ ਕਲਾਕਾਰਾਂ ਨਾਲ ਹੋਰ ਭਾਸ਼ਾ ਵਿੱਚ ਇਸ ਦੀ ਸਪਿਨ ਆਫ ਸੀਰੀਜ਼ ਬਣਾਉਣਗੇ। ਇਸ ਵਿੱਚ ਭਾਰਤ ਵਿੱਚ ਬਣਨ ਵਾਲੀ ਸੀਰੀਜ਼ ਨੂੰ ਵੈੱਬ ਸੀਰੀਜ਼ 'ਦ ਫੈਮਿਲੀਮੈਨ' ਦੇ ਡਾਇਰੈਕਟਰ ਰਾਜ ਐਂਡ ਡੀ ਕੇ ਨਿਰਦੇਸ਼ਤ ਕਰਨਗੇ। ਕਲਾਕਾਰਾਂ ਵਿੱਚ ਹਾਲੇ ਵਰੁਣ ਦਾ ਨਾਂਅ ਹੀ ਤੈਅ ਹੋਇਆ ਹੈ। ਮੂਲ 'ਸਿਟਾਡੇਲ' ਸੀਰੀਜ਼ ਦੀ ਸ਼ੂਟਿੰਗ ਲੰਡਨ ਵਿੱਚ ਹੋ ਰਹੀ ਹੈ। ਇਸ ਨੂੰ ਅਗਲੇ ਜਨਵਰੀ ਵਿੱਚ ਰਿਲੀਜ਼ ਕੀਤੇ ਜਾਣ ਦੀ ਯੋਜਨਾ ਹੈ। ਦੂਸਰੇ ਪਾਸੇ ਵਰੁਣ ਅਗਲੇ ਦਿਨਾਂ ਵਿੱਚ 'ਜੁਗ ਜੁਗ ਜੀਓ' ਫਿਲਮ ਵਿੱਚ ਨਜ਼ਰ ਆਉਣਗੇ।



# 'ਨੋ ਲੈਂਡਸ ਮੈਨ' ਤੋਂ ਰਿਲੀਜ਼ ਹੋਈ ਨਵਾਜ਼ੁਦੀਨ ਸਿੱਦੀਕੀ ਦੀ ਫਸਟ ਲੁਕ



ਨਵਾਜ਼ੁਦੀਨ ਸਿੱਦੀਕੀ 'ਨੋ ਲੈਂਡਸ ਮੈਨ' ਦੇ ਨਾਲ ਅੰਗਰੇਜ਼ੀ ਫੀਚਰ ਫਿਲਮਾਂ ਵਿੱਚ ਕਦਮ ਰੱਖ ਰਹੇ ਹਨ। ਫਿਲਮ ਤੋਂ ਉਨ੍ਹਾਂ ਦਾ ਫਸਟ ਲੁਕ ਰਿਲੀਜ਼ ਕਰ ਦਿੱਤਾ ਗਿਆ ਹੈ। ਨਵਾਜ਼ ਨੇ ਆਪਣੇ ਕਿਰਦਾਰ ਦਾ ਲੁਕ ਸੋਸ਼ਲ ਮੀਡੀਆ 'ਤੇ ਵੀ ਸ਼ੇਅਰ ਕੀਤਾ। ਉਨ੍ਹਾਂ ਨੇ ਲਿਖਿਆ, "ਕੀ ਕੋਈ ਇਸ ਲੜਕੇ ਦੇ ਬਾਰੇ ਵਿੱਚ ਜਾਣਦਾ ਹੈ ? ਮੈਂ ਇਸ ਨੂੰ ਲੱਭ ਰਿਹਾ ਹਾਂ। ਮੈਂ ਉਸ ਦੇ ਬਾਰੇ ਵਿੱਚ ਜ਼ਿਆਦਾ ਨਹੀਂ ਜਾਣਦਾ, ਸਿਵਾਏ ਇਸ ਦੇ ਕਿ ਇਹ ਫਿਲਮ 'ਨੋ ਲੈਂਡਸ ਮੈਨ' ਤੋਂ ਨਵੀਨ ਹੈ। ਫਿਲਮ ਨੂੰ ਪਹਿਲੇ ਹੀ ਬੁਸਾਨ ਫਿਲਮ ਮਹਾਉਤਸਵ ਤੋਂ ਨਾਮੀਨੇਸ਼ਨ ਮਿਲ ਚੁੱਕਾ ਹੈ। ਫਿਲਮ ਵਿੱਚ ਆਸਟਰੇਲੀਆ, ਬੰਗਲਾ ਦੇਸ਼ ਅਤੇ ਭਾਰਤ ਦੇ ਮੇਗਨ ਮਿਸ਼ੇਲ, ਤਹਿਸਨ ਖਾਨ, ਈਸ਼ਾ ਚੋਪੜਾ, ਕਿਰਨ ਖੋਜੇ ਅਤੇ ਵਿਕਰਮ ਕੋਚਰ ਵੀ ਅਹਿਮ ਕਿਰਦਾਰਾਂ ਵਿੱਚ ਹਨ।

# Gold key INSURANCE

**Number 1 in the Community for 25 Years.**

Explore Your Options

## Home | Condo | Rental | Tenants
## Business | CGL Liability | Property
## Trucking | Cargo | Fleet |Equipment
## Construction | Contractor | Farm
## Travel | Super Visa | Medical
## Auto | Marine | Motorcycle
## and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

# TEL : 604 502 0441

ICBC Online and Delivery available.

ਪੰਜਾਬੀ

हिंदी

| | | | |
|---|---|---|---|
| **SURREY** | 5-8430 128TH ST. | MON-FRI | 8 AM - 8 PM |
| **(604) 502 - 0441** | SURREY, BC | SATURDAY | 9 AM - 6 PM |
| FAX (604) 502-0417 | V3W 4G3 | SUNDAY | 9 AM - 5 PM |
| **VANCOUVER** | 4038 KNIGHT ST. | MON-FRI | 9 AM - 8 PM |
| **(604) 325 - 1241** | VANCOUVER, BC | SATURDAY | 9 AM - 5 PM |
| FAX (604) 325-1414 | V5N 5Y7 | SUNDAY | 9 AM - 5 PM |

ICBC autoplan

**OPEN 7 DAYS**

www.goldkeyinsurance.ca


Practice Social Distancing
While shopping please maintain required 6 feet distance and follow markers to avoid the spread of virus
fruiticana hee jaana!
Your one and only Surrey owned Punjabi store
ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ
LOWEST PRICES IN TOWN
ਸ਼ਹਿਰ ਦੇ ਸੱਭ ਤੋਂ ਘੱਟ ਦਾਮ
Sunbec Table Salt 1 kg
ਸਨਬਿੱਕ ਲੂਣ
98¢ ea.
Pink Lady & Red Delicious Apples USA #1
ਪੀਂਕ ਲੇਡੀ ਐਪਲ ਅਤੇ ਲਾਲ ਸਵਾਦ ਸੇਬ ਯੂ.ਐਸ.ਏ #੧
98¢ lb
Green, Red, Yellow & Orange Bell Peppers
ਸ਼ਿਮਲਾ ਮਿਰਚਾਂ (ਹਰੀਆਂ,ਲਾਲ,ਪੀਲੀਆਂ ਅਤੇ ਸੰਤਰੀ)
98¢ lb
Green Cabbage BC
ਹਰੀ ਬੰਦ ਗੋਭੀ ਬੀਸੀ
48¢ lb
Green or Red Seedless Grapes
ਅੰਗੂਰ ਲਾਲ ਜਾਂ ਹਰੇ (ਬਿਨਾਂ ਬੀਜ ਤੋਂ)
$1.98 lb
Extra Extra Super Special
Golden Temple Flour 20 lbs
ਗੋਲਡਨ ਟੈਂਪਲ ਆਟਾ
$10.99 bag
Extra Super Super Special
BC Long Hot Chili
ਬੀਸੀ ਲੰਮੀਆਂ ਕੌੜੀਆਂ ਮਿਰਚਾਂ
$1.98 lb
Extra Super Super Special
Okra
ਭਿੰਡੀ
$1.98 lb
Super Special
Cilantro
ਧਨੀਆ
3 bunches for 99¢
Super Special
Indican Red Lentil Whole 4 lbs
ਇੰਡੀਕੇਨ ਸਾਬਤ ਮਸਰਾਂ ਦੀ ਦਾਲ
$2.99 bag
Super Special
Punjabi Pure Cane Sugar (Indican) 8 lbs
ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ
$5.99 bag
Super Special
Rapini (Sarson da Saag)
ਸਰਸੋਂ ਦਾ ਸਾਗ
$1.99 bunch
Super Special
Yellow Onions 50 lbs
ਪੀਲੇ ਗੰਢੇ
$9.98 bag
Super Special
Small Taro (Urbi)
ਅਰਬੀ (ਛੋਟੀ ਤਾਰੋ)
89¢ lb
Russet Potatoes Snoboy USA #1 10 lbs
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$2.99 bag
BC Gala Apples
ਬੀਸੀ ਗਾਲਾ ਸੇਬ
78¢ lb
Nectarines & Plums
ਨਿਕਟੇਰੀਨਸ ਅਤੇ ਆਲੂਬੁਖਾਰਾ
$1.59 lb
Zucchini Squash
ਜ਼ੁਕੀਨੀ ਸਕੁਐਸ਼
88¢ lb
Almonds
ਬਦਾਮ
$3.98 lb
KTC Red Kidney Beans 398 ml
ਕੇ ਟੀ ਸੀ ਰੈੱਡ ਕਿਡਨੀ ਬੀਨਜ਼ 398 ਮਿ.ਲੀ.
2 for $1.50
Pesi Gur Plain
ਪੇਸ਼ੀ ਗੁੜ
$2.49 lb
Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag
Indican Punjabi Biscuits 2.2 lbs
ਇੰਡੀਕੇਨ ਪੰਜਾਬੀ ਬਿਸਕੁਟ
$4.99 pkg.
Product images may differ from the actual product.
Fri Sep 24, 2021 - Wed Sep 29, 2021
We reserve the right to limit the quantities while they last
NEW LOCATION NOW OPEN
101-331 6TH STREET
NEW WESTMINSTER, BC
TEL: 604-395-3595
Head Office: 7676 Anvil Way, Surrey
604-502-0005
www.fruiticana.com
BUSINESS HOURS
9 AM - 9 PM
7 DAYS A WEEK
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Fleetwood 15230 84 Ave. 236-317-6272
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520